# ਸਤਿਸੰਗ

# ਗੁਰਬਾਣੀ ਉਪਮਾ

**ਸੋਰਠਿ ਮਹਲਾ ੫ ॥ (ਅੰਗ 616)**

**ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥**

ਹਰ ਦਫਾ ਗੁਰਬਾਨੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤੁ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਹਜ਼ੂਰ ਦੀ ਬਖਸ਼ਿਸ਼ ਅਤੇ ਕਿਰਪਾ ਹੋਈ ਹੈ ਐੱਸ. ਜੀ. ਐੱਲ ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀ ਸੰਗਤ ਨੇ ਦਾਸ-ਬਾਬਾ ਕਸ਼ਮੀਰਾ ਸਿੰਘ ਦੇ 73ਵੇਂ ਜਨਮ ਦਿਨ 6 ਅਗਸਤ 2010 ਨੂੰ ਨੌਵੇਂ ਯੂਨੀਵਰਸਲ ਐਮਿਟੀ ਡੇ ਅਰਥਾਤ ਸੰਸਾਰਕ ਭਾਈਚਾਰਾ ਦਿਵਸ ਤੇ ਰੂਪ ਵਿੱਚ ਮਨਾਉਂਦਿਆਂ ਹੋਇਆਂ ਵਿਸ਼ਵ ਸ਼ਾਂਤੀ ਦਾ ਝੰਡਾ ਲਹਿਰਾਉਣ ਲਈ ਅਤੇ ਖੂਨ ਦਾਨ ਕੈਂਪ ਲਗਾਉਣ ਲਈ ਅਤੇ ਸੈਮੀ ਵਿਖੇ ਉਸਾਰੇ ਗਏ ਨਵੇਂ ਹਾਲ ਨੂੰ ਬਾਬਾ ਜੀ ਵਲੋਂ ਸੰਗਤਾਂ ਦੇ ਅਰਪਣ ਕਰਨ ਲਈ, ਨਵੇਂ ਉਸਾਰੇ ਗਏ ਹਾਲ ਵਿੱਚ ਅਖੰਡ ਪਾਠ ਰਖਵਾਇਆ ਗਿਆ ਸੀ। ਜਿਸ ਦਾ ਭੋਗ ਪਾਇਆ ਗਿਆ ਹੈ। ਸੋਈ ਹਜ਼ੂਰ ਦੀ ਕਿਰਪਾ ਸਦਕਾ ਹਜ਼ੂਰ ਤੋਂ ਆਗਿਆ ਲੈ ਕੇ ਅੱਜ ਸਵੇਰੇ ਐੱਸ. ਜੀ. ਐੱਲ ਚੈਰੀਟੇਬਲ ਹਸਪਤਾਲ ਗੜ੍ਹਾ ਜਲੰਧਰ ਦੀ ਚੌਥੀ ਮੰਜਿਲ 'ਤੇ ਉਸਾਰੇ ਗਏ ਵਿਸ਼ਵ ਸ਼ਾਂਤੀ ਦੇ ਮੀਨਾਰ ਉੱਪਰ ਵਿਸ਼ਵ ਸ਼ਾਂਤੀ ਦਾ ਝੰਡਾ ਲਹਿਰਾਇਆ ਜਾ ਚੁੱਕਾ ਹੈ ਅਤੇ ਭੋਗ ਉਪਰੰਤ ਹੁਕਮਨਾਮਾ ਲੈਣ ਤੋਂ ਬਾਅਦ ਖੂਨ ਦਾਨ ਕੈਂਪ ਵੀ ਲਗਾਇਆ ਜਾ ਚੁਕਾ ਹੈ। ਸੰਗਤ ਬਹੁਤ ਉਤਸ਼ਾਹ ਨਾਲ ਖੂਨਦਾਨ ਕਰ ਰਹੀ ਹੈ। ਹਜ਼ੂਰ ਕਿਰਪਾ ਕਰਕੇ ਸਾਰੇ ਸੰਸਾਰ ਉੱਪਰ ਸ਼ਾਂਤੀ ਵਰਤਾਉਣ, ਸੰਸਾਰ ਦੇ ਜੀਵਾਂ ਨੂੰ ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਨ ਬਣਾਈ ਰੱਖਣ ਲਈ ਬਲ ਬਖਸ਼ਣ। ਖੂਨਦਾਨ ਕਰਨ ਵਾਲੇ ਪ੍ਰਾਣੀਆਂ ਦੀ ਸੇਵਾ ਕਬੂਲ ਕਰਨ, ਆਪਣੇ ਦਰੋਂ-ਘਰੋਂ ਖੁਸ਼ੀਆਂ, ਖੇੜੇ ਅਤੇ ਨਾਮ ਦੀ ਦਾਤ

ਬਖਸ਼ਣ। ਸੰਗਤਾਂ ਅਤੇ ਹਸਪਤਾਲ ਦੇ ਸਟਾਫ਼ ਵਿੱਚ ਪ੍ਰਸਪਰ ਪਿਆਰ, ਇਤਫਾਕ, ਮਿਲਵਰਤਨ, ਸੇਵਾ ਭਾਵ, ਉੱਦਮ, ਉਤਸ਼ਾਹ ਅਤੇ ਗੁਰਬਾਣੀ ਨਾਲ ਪਿਆਰ ਬਖਸ਼ਣ। ਪਰਿਵਾਰਾਂ ਵਿੱਚ ਸੁੱਖ-ਸ਼ਾਂਤੀ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਣ ਲਈ ਅਰਦਾਸਾਂ ਕੀਤੀਆਂ ਗਈਆਂ ਹਨ ਹਜ਼ੂਰ ਕਬੂਲ ਕਰਨ। ਹੁਣ ਗੜ੍ਹੇ ਵਿਖੇ ਜੋ ਨਵਾਂ ਹਸਪਤਾਲ ਬਣ ਰਿਹਾ ਹੈ ਉਸ ਦੀ ਉੱਪਰਲੀ ਮੰਜਿਲ ਉੱਪਰ ਸੰਗਤ ਲੈਂਟਰ ਪਾ ਰਹੀ ਹੈ ਹਜ਼ੂਰ ਉਹਨਾਂ ਦੀਆਂ ਵੀ ਹਾਜ਼ਰੀਆਂ ਕਬੂਲ ਕਰਕੇ ਉਹਨਾਂ ਨੂੰ ਵੀ ਖੁਸ਼ੀਆਂ ਬਖਸ਼ਣ।

ਅਸੀਂ ਆਪਣੀ ਜੀਵਨੀ ਬਾਰੇ ਸੰਗਤ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਪੁਲਿਸ ਮਹਿਕਮੇ ਵਿਚ ਸਰਵਿਸ ਕਰਦੇ ਸੀ। 19 ਦਸੰਬਰ 1981 ਵਾਲੇ ਦਿਨ ਸਾਡੇ ਹਜ਼ੂਰ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਦੇਹ ਦਾ ਓਹਲਾ ਕਰਕੇ ਸਚਖੰਡ ਵਿੱਚ ਜਾ ਬਿਰਾਜੇ। ਉਹਨਾਂ ਨੇ ਆਪਣੇ ਦੇਹ ਵਿੱਚ ਹੁੰਦਿਆਂ ਹੀ ਸਾਨੂੰ ਕਿਹਾ ਸੀ ਕਿ ਪੁੱਤਰ! ਇਹਨਾਂ ਨੌਕਰੀਆਂ ਤੋਂ ਕੀ ਲੈਣਾ ਹੈ ਤੂੰ ਗੁਰੂ ਦੀ ਨੌਕਰੀ ਕਰ। ਅਸੀਂ ਆਪਣੇ ਹਜ਼ੂਰ ਦਾ ਹੁਕਮ ਮੰਨਦਿਆਂ ਹੋਇਆਂ 1-1-1982 ਤੋਂ ਬਾਅਦ ਡਿਊਟੀ ਨਹੀਂ ਕੀਤੀ। ਅਸੀਂ ਅਸਤੀਫ਼ਾ ਦੇ ਦਿੱਤਾ। ਪਰ ਸਰਕਾਰ ਨੇ ਸਾਡੀ ਡਿਊਟੀ ਪ੍ਰਤੀ ਨਿਸ਼ਠਾਂ ਅਤੇ ਨੌਕਰੀ ਦੇ ਰਿਕਾਰਡ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਾਨੂੰ ਕਿਹਾ ਕਿ ਤੁਸੀਂ ਅਸਤੀਫ਼ਾ ਨਾ ਦੇ ਕੇ ਇੱਕ ਲਾਈਨ ਲਿਖ ਕੇ ਦੇ ਦਿਉ। ਕਿਉਂਕਿ ਉਦੋਂ ਐਸਾ ਹੋਇਆ ਕਿ ਅਗਰ ਅਸੀਂ ਸਤਿਸੰਗ ਕਰਦੇ ਸੀ ਤਦ ਅਸੀਂ ਠੀਕ ਹੋ ਜਾਂਦੇ ਸੀ। ਅਗਰ ਅਸੀਂ ਵਰਦੀ ਪਹਿਨਦੇ ਸੀ ਤਾਂ ਸਾਨੂੰ ਹਾਰਟ ਪ੍ਰਾਬਲਮ ਜਾਂ ਹੋਰ ਰੋਗ ਲੱਗ ਜਾਂਦੇ ਸਨ ਇਸ ਕਰਕੇ ਸਾਨੂੰ ਉਹਨਾਂ ਨੇ ਕਿਹਾ ਕਿ ਤੁਸੀਂ ਇੱਕ ਲਾਈਨ ਲਿਖ ਦਿਉ ਕਿ ਸਾਡੀ ਸਿਹਤ ਆਗਿਆ ਨਹੀਂ ਦਿੰਦੀ। ਉਸੇ ਅਨੁਸਾਰ ਉਹਨਾਂ ਨੇ ਸਾਡੀ ਪੈਨਸ਼ਨ ਮਨਜ਼ੂਰ ਕਰ ਦਿੱਤੀ। ਫੇਰ 1984 ਤੋਂ ਬਾਅਦ ਅੰਤਕਵਾਦ ਦਾ ਦੌਰ ਆ ਗਿਆ। 1984 ਤੋਂ ਪਹਿਲਾਂ ਗੜ੍ਹਾ ਵਿਖੇ ਜਿੱਥੇ ਅੱਜ ਕੱਲ ਐੱਸ. ਜੀ. ਐੱਲ ਚੈਰੀਟੇਬਲ ਹਲਪਤਾਲ ਹੈ ਉੱਥੇ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ, ਧਿਆਨਪੁਰ ਵਾਲਿਆਂ ਦੇ ਨਾਂ 'ਤੇ ਡੇਰਾ ਬਣਿਆ। ਪਰ ਅੱਤਵਾਦ ਤੋਂ ਬਾਦ ਲੋਕਾਂ ਵਿੱਚ ਬਹੁਤ ਹੀ ਘਬਰਾਹਟ ਸੀ ਕਿ

*ਆਵਨਿ ਅਠੱਤਰੈ ਜਾਨਿ ਸਤਾਨਵੈ*

*ਹੋਰ ਵੀ ਉਠਸੀ ਮਰਦ ਕਾ ਚੇਲਾ॥ (ਅੰਗ 723)*

ਕਿ ਪਤਾ ਨਹੀਂ ਕੀ ਬਣਨਾ ਹੈ। ਹਜ਼ੂਰ ਨੇ ਸਾਨੂੰ ਦਿਖਾ ਦਿੱਤਾ ਸੀ ਕਿ ਸਮਾਜਿਕ ਤੌਰ 'ਤੇ ਆਉਣ ਵਾਲੇ ਸਮੇਂ ਵਿੱਚ ਡੇਰਿਆਂ, ਸੰਤਾਂ, ਮਹਾਪੁਰਸ਼ਾਂ, ਬਾਬਿਆਂ ਤੋਂ ਲੋਕਾਂ ਨੇ ਘਿਰਣਾ ਕਰਨੀ ਹੈ ਕਿਉਂਕਿ ਇਹਨਾਂ ਡੇਰਿਆਂ ਵਿੱਚ ਜੋ ਕੁਝ ਹੁੰਦਾ ਹੈ ਅਸੀਂ ਸਾਰਿਆਂ ਦੀ ਗੱਲ ਨਹੀਂ ਕਰਦੇ, ਕੋਈ ਗਲਤ ਮਤਲਬ ਨਾ ਲਵੇ। ਲੋਕਾਂ ਦੀ ਡੇਰਿਆਂ ਪ੍ਰਥਾਇ ਜੋ ਭਾਵਨਾ ਹੈ ਕਿ ਬੜੀ ਸ਼ਰਧਾ ਨਾਲ ਸਭ ਕੁਝ ਪੂਜਾ ਅਤੇ ਸੇਵਾ ਕਰਦੇ ਹਨ ਉਸ ਮੁਤਾਬਿਕ ਉਹਨਾਂ ਡੇਰਿਆਂ 'ਚੋਂ ਕੁਝ ਵੀ ਪ੍ਰਾਪਤੀ ਨਹੀਂ ਹੁੰਦੀ। ਭਗਤੀ ਮਾਰਗ ਵਿੱਚ ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿੱਥੇ ਬਹੁਤੀ ਬਖਸ਼ਿਸ਼ ਹੈ ਜਾਂ ਕਿੱਥੇ ਘੱਟ ਬਖਸ਼ਿਸ਼ ਹੈ। ਪਰ ਦੁਨਿਆਵੀ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਕਈ ਸੰਸਥਾਵਾਂ ਦੇ ਨਾਮ ਤੇ ਪੰਦਰਾਂ-ਪੰਦਰਾਂ ਸੌ ਕਿਲੱਾ ਜਮੀਨ ਹੈ ਪਰ ਉੱਥੇ ਲੋਕ ਸੇਵਾ ਹਿੱਤ ਕੋਈ ਕਾਰਜ ਨਹੀਂ ਹੁੰਦਾ। ਉਹ ਇਹੋ ਹੀ ਕਹਿੰਦੇ ਹਨ ਕਿ ਆਉਗੇ ਤਾਂ ਕੀ ਲੈ ਕੇ ਆਉਗੇ, ਜਾਉਗੇ ਤਾਂ ਕੀ ਦੇ ਕੇ ਜਾਉਗੇ। ਫੇਰ ਉਸ ਵਕਤ ਅਸੀਂ ਬੈਠ ਕੇ ਵਿਚਾਰ ਕੀਤੀ ਅਤੇ ਰੈਜ਼ੂਲੇਸ਼ਨ ਪਾਇਆ। ਉਸ ਰੈਜ਼ੂਲੇਸ਼ਨ ਦੀਆਂ ਕਾਪੀਆਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਵੀ ਭੇਜੀਆਂ ਗਈਆਂ ਕਿ ਸਾਨੂੰ ਹਜ਼ੂਰ ਦਿਖਾਉਂਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਡੇਰਿਆਂ ਤੋਂ ਨਫ਼ਰਤ ਕਰਨਗੇ। ਇਸ ਕਰਕੇ ਅਸੀਂ ਡੇਰੇ ਨੂੰ ਖਤਮ ਕਰਦੇ ਹਾਂ ਅਤੇ ਇਸ ਦੀ ਜਗ੍ਹਾ ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਸਥਾਪਿਤ ਕਰਦੇ ਹਾਂ। ਐੱਸ. ਜੀ. ਐੱਲ. ਅਰਥਾਤ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਧਿਆਨਪੁਰ ਵਾਲੇ ਫੇਰ ਸੁਸਾਇਟੀ ਐਕਟ 1860 ਦੇ ਤਹਿਤ ਟਰੱਸਟ ਦਾ ਨਾਮ ਲਿਆਂਦਾ ਗਿਆ। ਦੋ ਕਿਸਮ ਦੇ ਐਕਟ ਹਨ ਇੱਕ 1860 ਹੈ ਅਤੇ ਇੱਕ 1890 ਹੈ। ਅਸੀਂ ਬਾਦ ਵਿਚ 1860 ਨੂੰ ਬਦਲ ਕੇ 1890 ਦੇ ਤਹਿਤ ਲੈ ਆਂਦਾ ਜਿਸ ਅਨੁਸਾਰ ਟਰੱਸਟ ਜਾਇਦਾਦ ਉੱਪਰ ਸੰਚਾਲਕ ਜਾਂ ਫਾਉਂਡਰ ਜੋ ਸੰਸਥਾ ਕਾਇਮ ਕਰਦੇ ਹਨ ਜਾਂ ਉਹਨਾਂ ਦੇ ਵਾਰਿਸ ਜਾਂ ਪੈਰੋਕਾਰ ਹੱਕ ਨਹੀਂ ਰੱਖਦੇ। ਇਸ ਹੱਕ ਨੂੰ ਖਤਮ ਕਰਕੇ ਅਸੀਂ ਟਰੱਸਟ ਬਣਾਇਆ। ਪਰ ਇਤਰਾਜ ਹੋਇਆ ਕਿ ਟਰੱਸਟ ਤਦ ਬਣ ਸਕਦਾ ਹੈ ਅਗਰ ਇਸ ਦੇ ਨਾਮ ਕੋਈ ਜਾਇਦਾਦ ਹੋਵੇ। ਅਸੀਂ ਧਿਆਨਪੁਰ ਤੋਂ ਕੋਈ ਚੀਜ ਚੁੱਕ ਕੇ ਨਹੀਂ ਲਿਆਂਦੀ ਸੀ। ਜੋ ਇੱਥੇ ਚੜ੍ਹਾਵਾ ਚੜ੍ਹਦਾ ਸੀ ਉਹ ਵੀ ਧਿਆਨਪੁਰ ਭੇਜ ਦੇਈਦਾ ਸੀ। ਉਦੋਂ ਰੋਟੀ ਦਾ ਵੀ ਸੰਸਾ ਹੁੰਦਾ ਸੀ। ਫੇਰ ਸਾਨੂੰ ਹਜ਼ੂਰ ਨੇ ਦਰਸ਼ਨ ਦੇ ਕੇ ਕਿਹਾ ਕਿ ਪੁੱਤਰ! ਗੁਰੂ ਘਰ ਦੀ ਸੇਵਾ ਗੁਰੂ ਘਰ ਹੀ ਲੱਗਣੀ ਚਾਹੀਦੀ ਹੈ। ਸੰਗਤ ਜੋ ਸੇਵਾ ਕਰਦੀ ਹੈ ਉਸ ਨਾਲ ਲੰਗਰ ਪਾਣੀ ਚੱਲਣਾ ਚਾਹੀਦਾ ਹੈ। ਪਰ ਸਰਕਾਰ ਨੇ ਕਿਹਾ ਕਿ ਜਮੀਨ ਜਾਇਦਾਦ ਹੋਣੀ ਚਾਹੀਦੀ ਹੈ। ਫੇਰ ਉਸ ਸਮੇਂ ਅਸੀਂ ਆਪਣੀ ਜੱਦੀ ਜਾਇਦਾਦ ਨੂੰ ਦਾਨ ਕਰਕੇ ਇਸ ਟਰੱਸਟ ਦੀ ਨੀਂਹ ਰੱਖੀ। ਆਹਿਸਤਾ-ਆਹਿਸਤਾ ਇਸ ਸੰਸਥਾ ਵਿੱਚ ਜੋ ਵੀ ਬਣਿਆ ਉਹ ਅੱਜ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਐਸਾ ਸਮਾਂ ਵੀ ਸੀ ਕਿ ਸ. ਮਹਿੰਦਰ ਸਿੰਘ ਨੇ ਜਿਸ ਨੂੰ ਤੁਸੀਂ ਭਾਪਾ ਜੀ ਕਹਿੰਦੇ ਹੋ, ਪਠਾਨਕੋਟ ਜੋ ਮਿਲਟਰੀ ਦੀਆਂ ਜੀਪਾਂ ਆਦਿ ਨਿਲਾਮ ਹੁੰਦੀਆਂ

ਸਨ, ਉਹਨਾਂ ਵਿੱਚ ਜਾ ਕੇ ਬੋਲੀ ਦੇਣੀ ਅਤੇ ਕੁਝ ਪੈਸਾ ਬਚਾ ਕੇ ਲਿਆਉਣਾ। ਸ਼ੁਰੂ-ਸ਼ੁਰੂ ਵਿੱਚ ਬਹੁਤ ਘੱਟ ਸੰਗਤ ਹੁੰਦੀ ਸੀ। ਸਾਡੇ ਕੁੜਮ ਸ. ਬਿਸ਼ੰਬਰ ਸਿੰਘ ਹੁੰਦੇ ਸੀ ਜਾਂ ਸਤਪਾਲ ਨੂੰ ਅਸੀਂ ਪਾਠ ਕਰਨ ਲਾਉਂਦੇ ਸੀ। ਅਸੀਂ ਗੁਰੂ ਦਾ ਯਸ਼ ਕਰਦੇ ਸੀ। ਜਿਸ ਦਿਨ ਜਿਆਦਾ ਜੀਵ ਹੁੰਦੇ ਸਨ ਕਿਸੇ ਦਿਨ ਪੰਜ ਜਾਂ ਕਿਸੇ ਦਿਨ ਛੇ ਜੀਵ ਹੁੰਦੇ ਸੀ ਕਿਸੇ ਦਿਨ ਸੱਤ ਜੀਵ ਸਤਿਸੰਗ ਸੁਣਨ ਵਾਲੇ ਹੁੰਦੇ ਸੀ। ਇੱਕ ਦਿਨ ਵੀਹ ਜੀਵ ਹੋ ਗਏ ਤਦ ਅਸੀਂ ਸੋਚਿਆ ਕਿ ਹਜ਼ੂਰ ਦੀ ਬਹੁਤ ਕਿਰਪਾ ਹੋ ਗਈ ਹੈ ਜੋ ਵੀਹ ਜੀਵ ਇਕੱਠੇ ਹੋ ਗਏ ਹਨ। ਐਸੀ ਦਸ਼ਾ ਵਿੱਚ ਇਹ ਸੰਸਥਾ ਸ਼ੁਰੂ ਹੋਈ ਸੀ।

ਆਹਿਸਤਾ-ਆਹਿਸਤਾ ਜਿੱਥੇ ਅੱਜਕੱਲ ਬੈਂਕ ਬਣਿਆ ਹੋਇਆ ਹੈ ਉੱਥੇ ਇੱਕ ਛੋਟੀ ਜਿਹੀ ਡਿਸਪੈਂਸਰੀ ਸ਼ੁਰੂ ਕੀਤੀ। ਸਾਡੇ ਕੋਲ ਕੋਈ ਪੈਸਾ ਨਹੀਂ ਸੀ। ਡਿਸਪੈਂਸਰੀ ਲਈ ਜੋ ਜਗ੍ਹਾ ਖਰੀਦੀ ਸੀ ਉਸ ਵਿੱਚ ਕਮਰਾ ਬਣਿਆ ਹੋਇਆ ਸੀ। ਪਰ ਉਸ ਕਮਰੇ ਦੇ ਸਾਹਮਣੇ ਜੋ ਜਗ੍ਹਾ ਸੀ ਉਹ ਨੀਂਵੀ ਸੀ। ਸਾਡੇ ਕੋਲ ਟ੍ਰੈਕਟਰ ਟਰਾਲੀ ਦਾ ਸਾਧਨ ਨਹੀਂ ਸੀ ਕਿ ਉਹ ਨੀਂਵੀ ਜਗ੍ਹਾ ਤੇ ਮਿੱਟੀ ਪਾ ਲਈਏ। ਜਦੋਂ ਮੀਂਹ ਪੈਣਾ ਤਾਂ ਉੱਥੇ ਪਾਣੀ ਇਕੱਠਾ ਹੋ ਜਾਂਦਾ ਸੀ। ਤਦ ਅਸੀਂ ਉਸ ਪਾਣੀ ਵਿੱਚ ਇੱਟਾਂ ਜੋੜ ਕੇ ਦੋ ਇੱਟਾਂ ਦੀ ਬੰਨੀ ਬਣਾ ਲੈਣੀ ਕਿ ਜਿਹੜੇ ਮਰੀਜ ਨੇ ਆਉਣਾ ਹੋਵੇ, ਉਹ ਇੱਟਾਂ ਦੇ ਉਪੱਰੋਂ ਦੀ ਲੰਘ ਕੇ ਆ ਜਾਵੇ। ਉਸ ਵਕਤ ਇੱਕ ਡਾਕਟਰ ਦਰਸ਼ਨ ਸਿੰਘ ਜੀ ਹੁੰਦੇ ਸੀ ਅਤੇ ਇੱਕ ਨਿਰਮਲ ਕੌਰ (ਬਿੱਟੂ ਦੀ ਘਰਵਾਲੀ) ਅਤੇ ਪੁਸ਼ਪਿੰਦਰ ਕੌਰ (ਸਾਹਬੀ ਦੀ ਘਰਵਾਲੀ) ਦੋ ਨਰਸਾਂ ਸਨ। ਇਹ ਦੋਵੇਂ ਲੜਕੀਆਂ ਏ.ਐੱਨ.ਐੱਮ. ਹਨ। ਉਸ ਵਕਤ ਸਾਡੇ ਕੋਲ ਕੋਈ ਜੀ.ਐੱਨ.ਐੱਮ. ਲੜਕੀ ਵੀ ਨਹੀਂ ਹੁੰਦੀ ਸੀ। ਆਪਾਂ ਸ਼ੁਰੂ ਕਰਨ ਵਾਲੇ ਸੀ ਅਤੇ ਡਾਕਟਰ ਦਰਸ਼ਨ ਸਿੰਘ ਡਾਕਟਰ ਸਨ।

*ਮਾਵਾਂ ਧੀਆਂ ਮੇਲਣਾਂ ਅਤੇ ਪਿਉ ਪੁੱਤ ਜਾਂਞੀ।*

ਫੇਰ ਆਹਿਸਤਾ-ਆਹਿਸਤਾ ਹਜ਼ੂਰ ਦੀ ਕਿਰਪਾ ਹੋਈ, ਗੁਰੂ ਦਾ ਯਸ਼ ਹੋਇਆ। ਗੁਰਬਾਣੀ ਦੀ ਸ਼ੋਭਾ ਹੋਈ। ਦਿੱਲੀ ਤੋਂ ਲੈ ਕੇ ਜਲੰਧਰ ਤੱਕ ਕਰਨਾਲ, ਸੀਤਾ ਮਾਈ ਪਹੇਂਵੇ ਰਾਹੀ ਹੁੰਦੇ ਹੋਏ ਆਉਂਦਿਆਂ ਦਿਨ ਦੇ ਸੱਤ-ਸੱਤ ਸਤਿਸੰਗ ਕਰਕੇ ਸਰੀਰ ਰੋਗੀ ਕਰ ਲਿਆ, ਕਈ ਕੁਝ ਹੋਇਆ। ਪਰ ਲੋਕਾਂ ਨੂੰ ਉਸ ਪਾਰਬ੍ਰਹਮ ਬਾਣੀ ਬਾਰੇ ਜਾਗ੍ਰਿਤ ਕੀਤਾ, ਗੁਰਬਾਣੀ ਦੀ ਉਸਤਿਤ ਅਤੇ ਸ਼ੋਭਾ ਕੀਤੀ।

*ਲੱਲੂ ਕਰੇ ਬਲੱਲੀਆਂ ਗੁਰ ਸਿੱਧੀਆਂ ਪਾਵੇ।*

ਪੁਲਿਸ ਵਾਲਿਆਂ ਨੂੰ ਤਾਂ ਰਿਪੋਰਟਾਂ ਲਿਖਣ ਦਾ ਪਤਾ ਹੁੰਦਾ ਹੈ, ਮੁੱਕਦਿਆਂ ਦਾ ਪਤਾ ਹੁੰਦਾ ਹੈ।

*ਜੱਟ ਕੀ ਜਾਣੇ ਲੌਂਗਾਂ ਦਾ ਭਾਅ,*
*ਰੌਲ ਕੀ ਜਾਣੇ ਚੌਲਾਂ ਦਾ ਭਾਅ।*

ਸਾਨੂੰ ਕੀ ਪਤਾ ਸੀ ਕਿ ਗੁਰਬਾਣੀ ਕੀ ਚੀਜ਼ ਹੁੰਦੀ ਹੈ। ਜੋ ਵੀ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਆਂ ਵਾਲੇ ਅਤੇ ਸਾਡੇ ਹਜ਼ੂਰ ਨੇ ਕਰਵਾਇਆ ਅਸੀਂ ਉਹੋ ਕੀਤਾ।

ਜਦੋਂ 1988 ਵਿੱਚ ਅਸੀਂ ਬਿਮਾਰ ਹੋਏ ਸੀ ਤਾਂ ਅਸੀਂ ਜਸਲੋਕ ਹਸਪਤਾਲ ਬੰਬਈ ਵਿਖੇ ਇਲਾਜ ਕਰਵਾਉਣ ਗਏ ਸੀ। ਉਥੇ ਇਲਾਜ ਬਹੁਤ ਮੰਹਿਗਾ ਸੀ। ਉਦੋਂ ਅਸੀਂ ਅਰਦਾਸ ਕੀਤੀ ਸੀ ਕਿ ਹਜ਼ੂਰ ਸਾਨੂੰ ਬਲ ਬਖਸ਼ਣ ਤਾਂ ਅਸੀਂ ਪੰਜਾਬ ਵਿਚ ਚੈਰੀਟੇਬਲ ਹਸਪਤਾਲ ਸਥਾਪਿਤ ਕਰੀਏ ਤਾਂ ਕਿ ਲੋਕ ਮਹਿੰਗਾਈ ਸਦਕਾ ਇਲਾਜ ਤੋਂ ਬਿਨਾਂ ਨਾ ਮਰਨ। ਮੌਤ ਨਾਲ ਤਾਂ ਸਭ ਨੇ ਮਰਨਾ ਹੀ ਹੈ। ਫੇਰ ਅਚਾਨਕ ਸਾਡੇ ਬਾਪੂ ਜੀ ਨੂੰ ਬੋਨ ਕੈਂਸਰ ਹੋ ਕੇ ਮੌਤ ਹੋ ਗਈ। ਤਦ ਅਸੀਂ ਉਹਨਾਂ ਦੀ ਮੌਤ ਸਮੇਂ ਇਹ ਕਿਹਾ ਕਿ ਅਗਰ ਹਜ਼ੂਰ ਸਾਨੂੰ ਹਿੰਮਤ ਬਖਸ਼ਣ ਤਦ ਘੱਟ ਤੋਂ ਘੱਟ ਪੰਜ ਸੌ ਬੈਂਡ ਦੇ ਹਸਪਤਾਲ ਹੋਣ। ਅਸੀਂ ਅਕਾਲਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ ਕੈਂਸਰ ਦੀ ਯੂਨਿਟ ਆਰੰਭ ਕਰਾਂਗੇ। ਹੁਣ ਅਗਰ ਅਸੀਂ ਕੈਂਸਰ ਯੂਨਿਟ ਦੀ ਸ਼ੁਰੂਆਤ ਕਰਨੀ ਹੈ ਤਦ ਇਹ ਚਾਰ ਸੌ ਕਰੋੜ ਦਾ ਪ੍ਰੋਜੈਕਟ ਹੈ। ਅਗਰ ਹਸਪਤਾਲ ਬਣ ਗਏ ਹਨ ਤਦ ਆਪਣਾ ਮੈਡੀਕਲ ਕਾਲਜ ਵੀ ਬਣਾਵਾਂਗੇ। ਹੌਲੀ ਹੌਲੀ ਇਹ ਨਜਰ ਆ ਰਿਹਾ ਹੈ ਕਿ ਹਜ਼ੂਰ ਸਾਡੀਆਂ ਬੇਨਤੀਆਂ ਸੁਣ ਰਹੇ ਹਨ, ਪੂਰੀਆਂ ਕਰ ਰਹੇ ਹਨ। ਜਿਹੜੀ ਸੰਗਤ ਬਾਦ ਵਿੱਚ ਆਈ ਹੈ ਉਹਨਾਂ ਨੂੰ ਕੁਝ ਵੀ ਪਤਾ ਨਹੀਂ ਹੈ ਕਿ ਇੱਥੇ ਤਾਂ ਲੰਗਰ ਦਾ ਵੀ ਸੰਸਾ ਹੁੰਦਾ ਸੀ। ਬਾਹਰ ਕੈਂਪ ਲੱਗੇ, ਸਤਿਸੰਗ ਹੋਏ ਤਦ ਲੋਕਾਂ ਨੂੰ ਜਾਗ੍ਰਿਤੀ ਆਈ। ਆਹਿਸਤਾ-ਆਹਿਸਤਾ ਅੱਜ ਐੱਮ.ਐੱਸ.ਸੀ. ਨਰਸਿੰਗ ਲੈਵੱਲ ਦੇ ਕਾਲਜ ਬਣ ਗਏ ਹਨ। ਅੱਜ ਸਾਨੂੰ ਮਨਿਸਟਰਾਂ ਦੇ ਫੋਨ ਵੀ ਆਏ ਕਿ ਬਾਬਾ ਜੀ ਤੁਹਾਨੂੰ ਵਧਾਈਆਂ ਹਨ ਤੁਹਾਡਾ ਇੰਸਟੀਚਿਊਟ ਪੰਜਾਬ ਵਿਚੋਂ ਫਸਟ ਆਇਆ ਹੈ। ਸੀ.ਐੱਮ.ਸੀ. ਕੋਲ ਐੱਮ. ਐੱਸ. ਸੀ. ਨਰਸਿੰਗ ਦੀਆਂ ਪੰਦਰਾਂ ਸੀਟਾਂ ਹਨ ਪਰ ਤੁਹਾਡੇ ਕੋਲ ਚਾਲੀ ਸੀਟਾਂ ਹਨ। ਹੋਰ ਪੰਜਾਬ ਵਿੱਚ ਕਿਸੇ ਕੋਲ ਐਨੀਆਂ ਸੀਟਾਂ ਨਹੀਂ ਹਨ। ਸਾਡੇ ਕੋਲ ਬੀ.ਐੱਸ.ਸੀ. ਨਰਸਿੰਗ ਦੀਆਂ ਸੱਠ ਸੀਟਾਂ ਹਨ। ਹੁਣ ਅਸੀਂ ਜਿੱਥੇ ਗੜ੍ਹੇ ਅੱਜ ਲੈਂਟਰ ਪੈ ਰਿਹਾ ਹੈ ਉਹ ਹਸਪਤਾਲ ਵੀ ਜਲਦੀ ਹੀ ਸ਼ੁਰੂ ਕਰ ਰਹੇ ਹਾਂ। ਉਸ ਵਿੱਚ ਬਾਈਪਾਸ ਸਰਜਰੀ, ਬਰੇਨ ਦੀ (ਨਿਊਰੋ ਦੀ) ਸਰਜਰੀ, ਹਾਰਟ ਦੀ ਸਰਜਰੀ, ਕਿਡਨੀ ਟਰਾਂਸਪਲਾਂਟ ਜੀ. ਆਈ. ਦੇ ਅਪਰੇਸ਼ਨ, ਨਾੜੀਆਂ ਆਦਿ ਦਾ ਅਤੇ ਲੇਟੈੱਸਟ ਸਟੇਜ 'ਤੇ ਕੋਸ਼ਿਸ਼ ਕਰਾਂਗੇ ਕਿ ਲਿਵਰ ਟਰਾਂਸਪਲਾਂਟ ਵੀ ਕੀਤਾ ਜਾਵੇ। ਇਸ ਬਾਰੇ ਅਸੀਂ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰ

ਰਹੇ ਹਾਂ ਇਹ ਸਭ ਕੁਝ ਵਿਚਾਰ ਅਧੀਨ ਹੋ ਰਿਹਾ ਹੈ। ਸੋਈ ਅੱਜ ਇਸ ਸੰਸਥਾ ਕੋਲ ਅਰਬਾਂ ਰੁਪਏ ਦੀ ਜਾਇਦਾਦ ਹੈ। ਜਿਸ ਸੰਸਥਾਂ ਦੀ ਰਜਿਸਟ੍ਰੇਸ਼ਨ ਲਈ ਸਾਡੇ ਕੋਲ ਪੰਜ ਜਾਂ ਦੱਸ ਮਰਲੇ ਜਮੀਨ ਵੀ ਨਹੀਂ ਸੀ ਉਸ ਕੋਲ ਤਿੰਨ ਸੌ ਏਕੜ ਤੋਂ ਵੱਧ ਜਮੀਨ ਹੈ ਜੋ ਕਿ ਤੁਹਾਡੀ ਹੀ ਹੈ। ਇਹਨਾਂ ਹਸਪਤਾਲਾਂ ਅਤੇ ਸੰਸਥਾਵਾਂ ਤੋਂ ਅਲੱਗ ਹੈ। ਉਸ ਦੇ ਮਾਲਿਕ ਤੁਸੀਂ ਹੀ ਹੋ ਮੈਂ ਨਹੀਂ ਹਾਂ। ਇਹ ਸਭ ਕੁਝ ਉਸ ਅਕਾਲਪੁਰਖ ਦੀ ਦੇਣ ਹੈ। ਅਸੀਂ ਦੇਖਿਆ ਹੈ ਕਿ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਅਤੇ ਉਹਨਾਂ ਦੇ ਸਤਿਗੁਰੂ ਬਾਬਾ ਹਰਨਾਮ ਸਿੰਘ ਜੀ ਭੁੱਚੋ ਮੰਡੀ ਤੋਂ ਸਨ। ਸਾਡੇ ਹਜ਼ੂਰ ਦੇ ਵੀ ਅਤੇ ਸਾਡੇ ਬਾਬਾ ਜੀ ਦੇ ਵੀ ਇਹੋ ਬਚਨ ਸਨ ਕਿ ਜਿੱਥੇ ਗੁਰੂ ਘਰ ਦਾ ਸਤਿਸੰਗ ਹੋਵੇ, ਸੰਤਾਂ ਦੇ ਅਸਥਾਨ 'ਤੇ ਲੈਂਟਰ ਨਹੀਂ ਪੈਣਾ ਚਾਹੀਦਾ। ਅਸੀਂ ਅੱਜ ਪੱਕਾ ਐਲਾਨ ਕਰਦੇ ਹਾਂ ਕਿ ਸਾਹਮਣੇ ਜੋ ਹਾਲ ਬਣਾਉਣਾ ਸੀ ਉਸ ਨੂੰ ਅਸੀਂ ਲੈਂਟਰ ਲਾ ਕੇ ਨਹੀਂ ਬਣਾਵਾਂਗੇ। ਬਾਬਾ ਨੰਦ ਸਿੰਘ ਜੀ ਦੇ ਸਤਿਗੁਰੂ ਸੰਤ ਹਰਨਾਮ ਸਿੰਘ ਜੀ ਜਿੱਥੇ-ਜਿੱਥੇ ਵੀ ਜਾਂਦੇ ਸਨ ਕਾਂਨਿਆਂ ਦੀ ਕੁੱਲੀ ਪਾਉਂਦੇ ਸੀ। ਉੱਥੇ ਮਹੀਨਾਂ ਦੱਸ ਦਿਨ ਸਤਿਸੰਗ ਕਰਨਾ, ਕੀਰਤਨ ਕਰਨਾ ਅਤੇ ਤੁਰਨ ਲੱਗਿਆਂ ਝੁੱਗੀ ਢਾਹ ਦੇਣੀ ਜਾਂ ਪੁੱਟ ਕੇ ਸੁੱਟ ਦੇਣੀ ਕਿਉਂਕਿ

*ਪੱਲੇ ਰਿਝਕ ਨਹੀਂ ਬੰਨ੍ਹਦੇ ਪੰਛੀ ਅਤੇ ਦਰਵੇਸ਼।*
*ਜਿਹਨਾਂ ਨੂੰ ਤਕਵਾ ਰੱਬ ਦਾ ਤਿਨਹਾਂ ਨੂੰ ਰਿਜ਼ਕ ਹਮੇਸ਼।*

ਸਾਡੇ ਹਜ਼ੂਰ ਦੇ ਦਰਬਾਰ ਵਿੱਚ ਵੀ ਸਤਿਸੰਗ ਘਰ ਉੱਤੇ ਬਾਲੇ ਪਾਏ ਹੋਏ ਸੀ। ਸੰਗਤ ਨੇ ਬੜੀ ਜਿੱਦ ਕੀਤੀ ਕਿ ਹਜ਼ੂਰ ਸਮਾਜ ਕੀ ਕਹਿੰਦਾ ਹੋਵੇਗਾ ਜਾਂ ਦੁਨੀਆਂ ਕੀ ਕਹਿੰਦੀ ਹੋਵੇਗੀ। ਸੰਗਤ ਨੇ ਧੱਕੇ ਨਾਲ ਲੈਂਟਰ ਪੁਆ ਦਿੱਤਾ। ਪਰ ਅਸੀਂ ਦੇਖਿਆ ਕਿ ਜਿਸ ਦਿਨ ਸੰਗਤ ਨੇ ਧੱਕੇ ਨਾਲ ਲੈਂਟਰ ਪੁਆਇਆ ਸਾਡੇ ਹਜ਼ੂਰ ਬਿਮਾਰ ਰਹਿਣ ਲੱਗ ਪਏ ਅਤੇ ਥੋੜੇ ਚਿਰ ਬਾਦ ਚੋਲਾ ਛੱਡ ਗਏ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਸਨ, ਸੰਤ ਹਰਨਾਮ ਸਿੰਘ ਜੀ ਸਨ, ਭਿੰਡਰਾਂਵਾਲੇ ਸੰਤ ਕਰਤਾਰ ਸਿੰਘ ਜੀ ਸਨ ਇਹਨਾਂ ਸਾਰਿਆਂ ਨੇ ਇਹੋ ਰੀਤ ਰੱਖੀ ਸੀ ਕਿ ਸਾਧੂਆਂ ਦੇ ਡੇਰੇ ਟੈਂਪਰੇਰੀ ਹੋਣੇ ਚਾਹੀਦੇ ਹਨ ਵਰਨਾ ਬਾਦ ਵਿੱਚ ਉਹ ਡੇਰੇ ਦਾਇਰੇ ਬਣ ਜਾਂਦੇ ਹਨ ਅਤੇ ਉੱਥੇ ਲੜਾਈਆਂ ਝਗੜੇ ਹੁੰਦੇ ਹਨ। ਅੱਜ ਅਸੀਂ ਇਸ ਕਰਕੇ ਦੱਸਿਆ ਹੈ ਕਿ ਕਿਉਂਕਿ ਸਾਨੂੰ ਆਪਣੇ ਹਜ਼ੂਰ ਦੇ ਬਚਨ ਚੇਤੇ ਆਏ ਹਨ। ਕਈ ਵਾਰ ਜੀਵ ਨੂੰ ਚੇਤਾ ਭੁੱਲ ਜਾਂਦਾ ਹੈ। ਜਿੰਨੇ ਪੈਸੇ ਲੈਂਟਰ ਤੇ ਲਾਉਣੇ ਹਨ ਉਹਨਾਂ ਦੀ ਜਮੀਨ ਲੈ ਲਉ। ਜਾਂ ਕਿਸੇ ਹੋਰ ਨੇ ਅਗਰ ਬਣਾਉਣਾ ਹੋਵੇ ਤਦ ਖੱਬੇ ਸੱਜੇ ਜਾ ਕੇ ਬਣਾ ਸਕਦੇ ਹੋ। ਪਰ ਇੱਥੇ ਅਸੀਂ ਲੈਂਟਰ ਨਹੀਂ ਪਾਉਣਾ। ਅਗਰ ਅਸੀਂ ਲੈਂਟਰ ਪਾਵਾਂਗੇ ਤਦ ਸੰਸਥਾ ਦੀ ਪ੍ਰੰਪਰਾ ਵੀ ਜਾਂਦੀ ਰਹੇਗੀ ਅਤੇ ਸਾਡੀ ਦੇਹ ਨੂੰ ਵੀ ਫਰਕ ਪਵੇਗਾ। ਕਿਉਂਕਿ

*ਯਾਰਾਂ ਨਾਲ ਬਹਾਰਾਂ*

ਹੁੰਦੀਆ ਹਨ। ਅਸੀਂ ਲੈਂਟਰ ਪਾ ਕੇ ਕੀ ਕਰਨਾ ਹੈ। ਦੁਨੀਆਂ ਨੇ ਬਹੁਤ ਲੈਂਟਰ ਪਾ ਕੇ ਬਾਦਸ਼ਾਹੀ ਮਹੱਲ ਬਣਾਏ ਹਨ। ਅੱਜ ਦਾ ਯੁੱਗ ਬੇਸ਼ਕ ਸਾਡੀ ਰਾਇ ਨੂੰ ਸਵੀਕਾਰ ਨਾ ਕਰੇ ਪਰ ਆਪਾਂ ਸੰਤਾਂ ਦੇ ਬਚਨ ਮੰਨਣੇ ਹਨ, ਦੁਨੀਆਂ ਦੀ ਨਹੀਂ ਮੰਨਣੀ।

*ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥*
*ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥ (ਅੰਗ 755)*

*ਤਥਾ*

*ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥*
*ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥*
*(ਅੰਗ 808)*

ਆਪਾਂ ਵਡਿਆਈ ਤੋਂ ਕੀ ਲੈਣਾ ਹੈ। ਅਸੀਂ ਅੱਜ ਹੀ ਫੈਸਲਾ ਲਿਆ ਹੈ ਕਿ ਇਸ ਹਾਲ ਵਿੱਚ 12 ਤੋਂ 14 ਹਜ਼ਾਰ ਤੱਕ ਜੀਵ ਬੈਠ ਸਕਦੇ ਹਨ ਪਰ ਹੁਣ ਅਸੀਂ 300 ਫੁੱਟ × 400 ਫੁੱਟ ਅਰਥਾਤ ਇੱਕ ਲੱਖ ਵੀਹ ਹਜ਼ਾਰ ਵਰਗ ਫੁੱਟ ਦਾ ਹਾਲ ਬਣਾਉਣ ਦਾ ਫੈਸਲਾ ਕੀਤਾ ਹੈ। ਉਸ ਵਿੱਚ ਚਾਲੀ ਹਜ਼ਾਰ ਪ੍ਰਾਣੀ ਬੈਠ ਸਕਿਆ ਕਰਨਗੇ। ਬਾਕੀ ਜਿਸ ਤਰ੍ਹਾਂ ਹਜ਼ੂਰ ਦੀ ਮੌਜ ਹੋਵੇਗੀ ਉਦਾਂ ਹੀ ਕੀਤਾ ਜਾਵੇਗਾ। ਅੱਜ ਸਾਡੇ ਕੋਲ ਹਜ਼ੂਰ ਦਾ ਬਖਸ਼ਿਆ ਸਭ ਕੁਝ ਹੈ। ਕਾਲਜ ਅਤੇ ਹਸਪਤਾਲ ਹਨ। ਸੰਸਥਾ ਕੋਲ ਅਸੂਲ ਹਨ ਕਿ ਦਹੇਜ ਤੋਂ ਬਗੈਰ ਵਿਆਹ ਕਰਨੇ ਹਨ, ਨਸ਼ਿਆਂ ਤੋਂ ਪਿੱਛੇ ਹੱਟਣਾ ਹੈ ਅਤੇ ਨਸ਼ਿਆਂ ਨੂੰ ਛੁਡਾਉਣਾ, ਗਰੀਬ ਦੀ ਰੱਖਿਆ ਕਰਨੀ, ਲੋੜਵੰਦ ਬੱਚਿਆਂ ਨੂੰ ਪੜ੍ਹਾਈ ਦੀਆਂ ਸਹੂਲਤਾਂ ਦੇਣੀਆਂ ਇਹ ਸਾਡੇ ਮੁੱਖ ਮਨੋਰਥ ਹਨ। ਤੁਸੀਂ ਅੱਜ ਸਾਡਾ ਜਨਮ ਦਿਨ ਮਨਾ ਰਹੇ ਹੋ। ਜਨਮ ਦਿਨ ਤਾਂ ਬੱਚਿਆਂ ਦੇ ਮਨਾਏ ਜਾਂਦੇ ਹਨ। ਪਰ ਅੱਜ ਸਾਨੂੰ ਮਹਿਸੂਸ ਹੋਇਆ ਹੈ ਕਿ ਚਾਹੇ ਕਿੰਝ ਵੀ ਮਨਾਉ ਤੁਸੀਂ ਇਹ ਜਨਮ ਦਿਨ ਜਰੂਰ ਮਨਾਇਆ ਕਰੋਗੇ। ਪਰ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਦਿਨ ਲੋਕ ਭਲਾਈ ਦੇ ਕੰਮ ਕਰੋ। ਅੱਜ ਨੌਵਾਂ ਯੂਨੀਵਰਸਲ ਐਮਿਟੀ ਡੇ ਹੈ। ਅੱਜ ਸਾਰੀ ਦੁਨੀਆਂ ਵਿੱਚ, ਗੁਰੂ ਦੀ ਸੰਗਤ, ਗੁਰਬਾਣੀ ਦੀ ਸੰਗਤ ਮਿਲ ਕੇ ਖੂਨਦਾਨ ਕਰ ਰਹੀ ਹੈ ਅਤੇ ਗੁਰੂ ਦੀ ਸ਼ੋਭਾ ਹੋ ਰਹੀ ਹੈ। ਅਸੀਂ ਤਾਂ ਇਹੋ ਹੀ ਕਹਾਂਗੇ ਕਿ

*ਵਧੇ ਫੂਲ ਰੰਗ ਮਾਣੇ ਸਈਓ ਨੀ ਮੇਰੇ ਸਤਿਗੁਰ ਦੀ ਵਾੜੀ।*

ਇਹ ਫੁੱਲਵਾੜੀ ਵੱਧੇ ਫੁੱਲੇ ਅਤੇ ਇਹ ਇੱਕ ਮੂਵਮੈਂਟ, ਲਹਿਰ ਅਤੇ ਬਹਾਉ ਬਣ ਕੇ ਦੁਨੀਆਂ ਵਿੱਚ ਵਿਚਰੇ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਸੰਸਥਾਂ ਹੋਰ ਤਰੱਕੀਆਂ ਕਰੇ। ਅਸੀਂ ਤੁਹਾਨੂੰ ਬਾਰ-ਬਾਰ ਕਹਿੰਦੇ ਹਾਂ ਕਿ ਤੁਸੀਂ ਜਿੰਨੀ ਵੀ

ਸੰਗਤ ਬੈਠੇ ਹੋ ਨਿਸ਼ਚੇ ਰੱਖਿਉ! ਜੋ ਸਿਮਰਨ ਕਰਨਗੇ, ਸੱਚ ਉਪੱਰ ਪਹਿਰਾ ਦੇਣਗੇ ਉਹਨਾਂ ਨੂੰ ਕੋਈ ਕਮੀ ਨਹੀਂ ਆਵੇਗੀ। ਤੁਸੀਂ ਸੱਚ ਉਪੱਰ ਤੁਰਿਉ

*ਸਤਯਮੇਵ ਜਯਤੇ*

*ਤਥਾ*

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥*

*(ਅੰਗ 953)*

ਅਸੀਂ ਸਾਰੀ ਆਈ ਸੰਗਤ ਨੂੰ ਯੂਨੀਵਰਸਲ ਐਮਿਟੀ ਡੇ ਦੀ ਲੱਖ ਲੱਖ ਵਧਾਈ ਦਿੰਦੇ ਹਾਂ।ਅਤੇ ਮਾਲਿਕ ਅੱਗੇ ਅਰਦਾਸ ਕਰਦੇ ਹਾਂ ਕਿ ਹਜ਼ੂਰ ਸਾਨੂੰ ਜਿਸ ਤਰ੍ਹਾਂ ਰੱਖੋ ਅਸੀਂ ਉਸੇ ਤਰ੍ਹਾਂ ਰਹੀਏ। ਜਿੰਨੀ ਤੁਸੀਂ ਸੇਵਾ ਲੈਣੀ ਹੈ ਅਸੀਂ ਕਰੀਏ। ਪਰ ਅਸੀਂ ਸੰਗਤ ਤੋਂ ਪਿਆਰ ਮੰਗਦੇ ਹਾਂ। ਅਸੀਂ ਪਿਆਰ ਦੇ ਭੁੱਖੇ ਹਾਂ। ਸਾਡੀ ਇਹ ਭੁੱਖ ਮਿਟਦੀ ਹੀ ਨਹੀਂ ਹੈ। ਚਾਹੇ ਸਾਡੀ ਸਿਹਤ ਠੀਕ ਨਾ ਹੋਵੇ ਤਦ ਵੀ ਅਸੀਂ ਮਿਲਣ ਆਇਆਂ ਨੂੰ ਜਰੂਰ ਮਿਲਦੇ ਹਾਂ। ਅੱਜ ਵੀ ਅਸੀਂ ਸੰਗਤ ਨੂੰ ਕਿਹਾ ਹੈ ਕਿ ਆ ਕੇ ਜਦੋਂ ਮਰਜੀ ਮਿਲ ਸਕਦੇ ਹੋ। ਕਿਉਂਕਿ ਪਿਆਰ ਖਰੀਦਿਆਂ ਨਹੀਂ ਜਾ ਸਕਦਾ। ਪਿਆਰ ਖੇਤਾਂ ਵਿੱਚ ਉਗਾਇਆ ਨਹੀਂ ਜਾ ਸਕਦਾ, ਪਿਆਰ ਤਾਂ ਅੰਦਰ ਹਿਰਦੇ ਵਿੱਚ ਉਪਜਦਾ ਹੈ। ਜਿਸ ਦੇ ਅੰਦਰ ਪਿਆਰ ਨਹੀਂ ਹੈ ਉਹ ਮੁਰਦਾ ਇਨਸਾਨ ਹੈ। ਆਪਾਂ ਨੇ ਦੁਨੀਆਂ ਵਿੱਚ ਪਿਆਰ ਵੰਡਣਾ ਹੈ। ਪਿਆਰ ਦੀ ਸਾਂਝ ਪਾਉਣੀ ਹੈ। ਸਾਡੇ ਪਿਆਰ ਦੀ ਸਾਂਝ ਦੀਆਂ ਗੰਢਾਂ ਪੀਡੀਆਂ ਹੋਣੀਆਂ ਚਾਹੀਦੀਆਂ ਹਨ।ਅਗਰ ਸੰਗਤ ਵਿੱਚ ਕੋਈ ਛੋਟੀ-ਮੋਟੀ ਗੱਲ ਹੋ ਜਾਂਦੀ ਹੈ ਤਦ ਵੱਡਿਆਂ ਦਾ ਫਰਜ ਬਣਦਾ ਹੈ ਕਿ ਛੋਟਿਆਂ ਨੂੰ ਮਾਫ਼ ਕਰੇ। ਛੋਟਿਆਂ ਦਾ ਫ਼ਰਜ ਬਣਦਾ ਹੈ ਕਿ ਵੱਡਿਆਂ ਕੋਲੋਂ ਮਾਫ਼ੀ ਮੰਗਣ। ਵਿਸ਼ਨੂੰ ਭਗਵਾਨ ਜੀ ਨੂੰ ਭ੍ਰਿਗੁ ਸੰਤਾਂ ਨੇ ਠੁੱਡ ਮਾਰਿਆ ਸੀ ਤਦ ਭਗਵਾਨ ਵਿਸ਼ਨੂੰ ਜੀ ਭ੍ਰਿਗੂ ਸੰਤਾਂ ਦੇ ਪੈਰ ਘੁੱਟਣ ਲੱਗ ਪਏ ਕਿ ਤੁਹਾਡੇ ਪੈਰ ਬਹੁਤ ਕੋਮਲ ਹਨ ਕਿਤੇ ਸੱਟ ਤਾਂ ਨਹੀਂ ਲੱਗ ਗਈ। ਸੰਤਾਂ ਨੇ ਫ਼ੁਰਮਾਇਆ ਹੈ ਕਿ

*ਕਿਆ ਵਿਸ਼ਨੂੰ ਕਾ ਘਟ ਗਿਆ ਭ੍ਰਿਗੁ ਮਾਰੀ ਲਾਤ।*

*ਖਿਮਾ ਵਰਣ ਕੋ ਚਾਹੀਏ ਛੋਟਨ ਕੋ ਉਤਪਾਤ।*

ਅੱਜ ਦੇ ਦਿਨ ਤੇ ਅਸੀਂ ਅਨਾਉਂਸ ਕਰਦੇ ਹਾਂ ਕਿ ਜਿਨ੍ਹਾਂ ਨੂੰ ਸੰਸਥਾ ਤੋਂ ਬਾਹਰ ਭੇਜਿਆ ਹੈ ਉਹਨਾਂ ਨੂੰ ਅੰਦਰ ਆਉਣ ਦੀ ਆਗਿਆ ਹੈ ਪਰ ਇੱਕ ਸ਼ਰਤ ਹੈ ਕਿ ਫੇਰ ਤੋਂ ਗਲਤੀ ਨਾ ਕਰਿਉ। ਅਸੀਂ ਪਿਆਰ ਦਾ ਸੰਦੇਸ਼ ਦਿੰਦੇ ਹਾਂ ਇਸ ਕਰਕੇ ਉਹ ਆ ਸਕਦੇ ਹਨ ਕਿਉਂਕਿ

*ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰੁ॥*

*(ਅੰਗ 61)*

ਪਰ ਉਹ ਇੱਕ ਸ਼ਰਤ 'ਤੇ ਆਉਣ ਕਿ ਉਹਨਾਂ ਨੇ ਪਹਿਲਾਂ ਜੋ ਗਲਤੀਆਂ ਕੀਤੀਆਂ ਹਨ ਦੁਬਾਰਾ ਨਾ ਕਰਨ। ਜੋ ਜੀਵ ਡਰੱਗਜ਼ ਦੇ ਕੇਸ਼ ਵਿੱਚ ਇਨਵਾਲਵ ਹਨ ਉਹਨਾਂ ਨੂੰ ਇਜਾਜਤ ਨਹੀਂ ਹੈ। ਉਹਨਾਂ ਦੀ ਵੀ ਅਸੀਂ ਵੈਰੀਫਿਕੇਸ਼ਨ ਕਰਾਂਗੇ। ਬਾਕੀ ਛੋਟੀਆਂ ਮੋਟੀਆਂ ਗਲਤੀਆਂ ਵਾਲੇ ਆ ਸਕਦੇ ਹਨ ਪਰ ਜਿਸ ਨੇ ਸੰਸਥਾ ਦੇ ਨਾਮ ਨੂੰ ਧੱਬਾ ਲਾਉਣ ਵਾਲੀ ਗੱਲ ਕੀਤੀ ਹੈ ਜਾਂ ਵੱਡੀ ਗਲਤੀ ਕੀਤੀ ਹੈ ਜਾਂ ਆਨ ਰਿਕਾਰਡ ਹੋਵੇ ਜਾਂ ਪੁਲਿਸ ਕੇਸ ਬਣਿਆ ਹੋਵੇ ਉਹ ਸੰਸਥਾ ਦਾ ਨਾਮ ਬਦਨਾਮ ਕਰਦਾ ਹੋਵੇ ਉਹ ਜੀਵ ਜਦੋਂ ਤੱਕ ਬਰੀ ਅਤੇ ਕਲੀਅਰ ਨਹੀਂ ਹੋ ਜਾਂਦਾ ਉੱਨੀ ਦੇਰ ਉਸ ਨੂੰ ਆਗਿਆ ਨਹੀਂ ਹੈ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਭੋਗ ਉਪਰੰਤ ਆਏ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਆਪਾਂ ਸਾਰਿਆਂ ਨੇ ਧਿਆਨ ਨਾਲ ਸੁਣ ਕੇ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ! ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੀ ਰਚਇਤਾ, ਸ਼ਹੀਦਾਂ ਦੇ ਸਿਰਤਾਜ ਨੇ ਇੱਕ ਸਵਾਲੀਆ ਚਿੰਨ੍ਹ ਲਗਾਇਆ ਹੈ ਕਿ ਜਦੋਂ ਪਾਰਬ੍ਰਹਮ ਤਾਕਤ, ਅਕਾਲਪੁਰਖ ਵਾਹਿਗੁਰੂ, ਧੁਰ ਦੀ ਬਾਣੀ ਖੁਸ਼ੀਆਂ ਅਤੇ ਖੇੜੇ ਬਖਸ਼ਣ, ਸਹਾਇਤਾ ਕਰਨ ਤਦ ਕਥਾ ਵੀ ਅੱਛੀ ਲੱਗਦੀ ਹੈ ਅਤੇ ਸਹਾਇਤਾ ਵੀ ਕਰਦੀ ਹੈ। ਵਰਨਾ ਅਸੀਂ ਕਈ ਜਗ੍ਹਾ ਦੇਖਿਆ ਹੈ ਕਿ ਲੋਕ ਧਾਰਮਿਕ ਸਥਾਨ 'ਤੇ ਮੱਥੇ ਟੇਕਣ ਜਾਂਦੇ ਹਨ ਪਰ ਰਸਤੇ ਵਿੱਚ ਐਕਸੀਡੈਂਟ ਹੋ ਕੇ ਨੁਕਸਾਨ ਹੋ ਕੇ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਜਾਂਦੇ ਹਨ। ਜੇਕਰ ਗੁਰੂ ਦੀ ਕਿਰਪਾ ਹੋਵੇ ਫੇਰ

*ਵਿਚਿ ਕਰਤਾ ਪੁਰਖੁ ਖਲੋਆ॥*

*ਵਾਲੁ ਨ ਵਿੰਗਾ ਹੋਆ॥ (ਅੰਗ 623)*

ਅਤੰਕਵਾਦ ਦੇ ਸਮੇਂ ਵਿੱਚ ਵੀ ਹਜ਼ੂਰ ਨੇ ਇਸ ਸੰਸਥਾ ਦੀ ਰੱਖਿਆ ਕੀਤੀ ਸੀ। ਹਜ਼ੂਰ ਨੇ ਕੋਈ ਆਂਚ ਨਹੀਂ ਆਉਣ ਦਿੱਤੀ ਸੀ। ਸੋਈ ਇੱਥੇ ਜੋ ਵੀ ਬਣਿਆ ਹੈ ਪਾਰਬ੍ਰਹਮ ਧੁਰ ਕੀ ਬਾਣੀ ਦੀ ਬਖਸ਼ਿਸ਼ ਨਾਲ ਬਣਿਆ ਹੈ।

**ਗੁਰ ਪੂਰੇ ਕੀ ਬਾਣੀ**

**ਜਪਿ ਅਨਦੁ ਕਰਹੁ ਨਿਤ ਪ੍ਰਾਣੀ॥੧॥**

ਐ ਦੁਨਿਆਂ ਵਾਲਿਉ! ਐ ਸਾਧ ਸੰਗਤ ਜੀ! ਐ ਗੁਰੂ ਪਿਆਰਿਉ! ਐ ਸਤਿਸੰਗੀਉ! ਪੂਰੇ ਗੁਰੂ ਦੀ ਬਾਣੀ ਦਾ ਪਾਠ ਕਰੋ। ਪੂਰਾ ਗੁਰੂ ਕੌਣ ਹੈ

*ਬਾਣੀ ਗੁਰੂ ਗੁਰੂ ਹੈ ਬਾਣੀ*

*ਵਿਚਿ ਬਾਣੀ ਅੰਮ੍ਰਿਤੁ ਸਾਰੇ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*

*ਪਰਤਖਿ ਗੁਰੂ ਨਿਸਤਾਰੇ ॥੫॥ (ਅੰਗ 982)*

ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ ਉਹ ਪੂਰਨ ਤਾਕਤ ਹੈ। ਕਿਉਂਕਿ ਭਾਈ ਗੁਰਦਾਸ ਜੀ ਨੇ ਕਿਹਾ ਸੀ ਕਿ ਮੇਰੀ ਬਾਣੀ ਵੀ ਦਰਜ ਕਰ ਲਉ ਪਰ ਹਜ਼ੂਰ ਨੇ ਦਰਜ ਨਹੀਂ ਕੀਤੀ ਸੀ ਅਤੇ ਕਿਹਾ ਸੀ ਨਾ ਇਹ ਤੇਰੀ ਬਾਣੀ ਹੈ ਨਾ ਮੇਰੀ ਬਾਣੀ ਹੈ। ਇਹ ਤਾਂ ਧੁਰ ਕੀ ਬਾਣੀ ਹੈ।

*ਜੈਸੀ ਮੈ ਆਵੈ ਖਸਮ ਕੀ ਬਾਣੀ*

*ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਅੰਗ 722)*

ਦੇ ਪ੍ਰਥਾਇ ਹੈ। ਜਹਾਂਗੀਰ ਨੇ ਕਿਹਾ ਸੀ ਪਵਿੱਤਰ ਕੁਰਾਨ ਸ਼ਰੀਫ਼ ਦੀਆਂ ਆਇਤਾਂ ਦਰਜ ਕਰ ਲਉ ਪਰ ਹਜ਼ੂਰ ਨੇ ਦਰਜ ਨਹੀਂ ਕੀਤੀਆਂ ਸਨ। ਹਜ਼ੂਰ ਨੂੰ ਜਿਹੜੀ ਬਾਣੀ ਬਖਸ਼ਿਸ਼ ਭਰੀ ਪ੍ਰਾਪਤ ਹੋਈ ਉਹਨਾਂ ਨੇ ਉਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤੀ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਪਾਠ ਕਰਾਂਗੇ ਫੇਰ ਰੋਜ਼-ਰੋਜ਼ ਪਾਠ ਕਰਨ ਨਾਲ ਸਾਨੂੰ ਇੱਕ ਖ਼ੁਸ਼ੀ, ਖੇੜਾ ਅਤੇ ਉਲ੍ਹਾਸ ਪ੍ਰਾਪਤ ਹੋਵੇਗਾ। ਇਸ ਕਰਕੇ ਐਸਾ ਨਹੀਂ ਕਿ ਅਸੀਂ ਹਫ਼ਤੇ ਬਾਦ ਜਾਂ ਮਹੀਨੇ ਬਾਅਦ ਸਤਿਸੰਗ ਸੁਣਨਾ ਜਾਂ ਪਾਠ ਕਰਨਾ ਹੈ ਜਾਂ ਕਿਸੇ ਗੁਰਪੁਰਬ ਜਾਂ ਹੋਰ ਦਿਨ ਦਿਹਾਰ ਤੇ ਹੀ ਆਉਣਾ ਹੈ। ਰੋਜ਼-ਰੋਜ਼ ਅਸੀਂ ਜਿੰਨਾ ਜਿਆਦਾ ਪਾਠ ਕਰਾਂਗੇ ਉੱਨਾ ਹੀ ਜਿਆਦਾ ਅਨੰਦ ਅਤੇ ਖੁਸ਼ੀ ਆਵੇਗੀ।

**ਹਰਿ ਸਾਚਾ ਸਿਮਰਹੁ ਭਾਈ ॥**

ਉਹ ਸੱਚ ਜੋ

*ਆਦਿ ਸਚੁ ਜੁਗਾਦਿ ਸਚੁ ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਅੰਗ 1)*

ਹੈ। ਉਸ ਸੱਚੀ ਬਾਣੀ ਦਾ ਸਿਮਰਨ ਅਤੇ ਪਾਠ ਕਰੋ ਅਤੇ ਧਿਆਉ।

**ਸਾਧਸੰਗਿ ਸਦਾ ਸੁਖੁ ਪਾਈਐ**

**ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥**

ਇੱਥੇ ਸ਼ਬਦ ਸਾਧਸੰਗਿ ਆਇਆ ਹੈ।

*ਕਬੀਰ ਸੇਵਾ ਕਉ ਦੁਇ ਭਲੇ*

*ਏਕੁ ਸੰਤੁ ਇਕੁ ਰਾਮੁ ॥*

*ਰਾਮੁ ਜੁ ਦਾਤਾ ਮੁਕਤਿ ਕੋ*

*ਸੰਤੁ ਜਪਾਵੈ ਨਾਮੁ ॥੧੬੪॥(ਅੰਗ 1373)*

ਸਾਧੂ ਨਾਮ ਦਾ ਜਾਪ ਕਰਵਾਉਂਦੇ ਹਨ। ਕਈ ਜੀਵ ਕਹਿੰਦੇ ਹਨ ਕਿ ਅਸੀਂ ਦੁਨਿਆਵੀ ਜਾਂ ਪਰਿਵਾਰਿਕ ਕੰਮ ਕਰਕੇ ਨਹੀਂ ਆ ਸਕੇ ਪਰ

*ਸਾਧਸੰਗਤਿ ਵਡਭਾਗੀ ਪਾਇਐ ॥ (ਅੰਗ 180)*

ਸਾਧ ਦੀ ਮਹਿਮਾ ਸੁਖਮਨੀ ਸਾਹਿਬ ਵਿੱਚ ਦਰਜ ਹੈ। ਸਾਧ ਦੀ ਮਹਿਮਾ ਬੇਦ ਵੀ ਨਹੀਂ ਜਾਣ ਸਕੇ। ਪਿੰਡਾਂ ਵਾਲੇ ਤੁਹਾਨੂੰ ਕਹਿੰਦੇ ਹੋਣਗੇ ਕਿ ਇੱਥੇ ਲਾਗੇ ਗੁਰਦੁਆਰਾ ਸਾਹਿਬ, ਸਤਿਸੰਗ ਘਰ, ਮੰਦਿਰ, ਚਰਚ ਸਭ ਕੁਝ ਹਨ ਫੇਰ ਤੁਹਾਨੂੰ ਐਨੀ ਦੂਰ ਜਾਣ ਦੀ ਕੀ ਲੋੜ ਹੈ? ਤੁਸੀਂ ਉਹਨਾਂ ਨੂੰ ਕਹੋ ਕਿ ਸਾਧ ਦੀ ਸੰਗਤ ਦੀ ਬਹੁਤ ਸੋਭਾ ਹੈ। ਉਹ ਕਹਿੰਦੇ ਹਨ ਕਿ ਸਾਨੂੰ ਪਤਾ ਨਹੀਂ ਕਿ ਉਹ ਸਾਧ ਹਨ ਜਾਂ ਨਹੀਂ। ਇਹ ਠੀਕ ਹੈ ਕਿਉਂਕਿ ਕਿਸੇ ਨੇ ਮੰਨਣਾ ਹੈ ਕਿਸੇ ਨੇ ਨਹੀਂ ਮੰਨਣਾ। ਸਾਨੂੰ ਲੋਕਾਂ ਨੇ ਜੋ ਕੁਝ ਕਿਹਾ ਉਹ ਅਸੀਂ ਦੱਸ ਹੀ ਨਹੀਂ ਸਕਦੇ। ਕਿਸੇ ਨੇ ਕਿਹਾ ਇਹ ਪਖੰਡੀ ਹੈ। ਹੋਰ ਵੀ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਬਹੁਤ ਗੱਲਾਂ ਕੀਤੀਆਂ। ਪਰ ਅਸਲੀਅਤ ਵਿੱਚ ਮਾਲਿਕ ਬਖਸ਼ਿਸ਼ ਕਰਦੇ ਹਨ। ਵੱਡੇ ਭਾਗ ਹੋਣ ਤਦ ਜੀਵ ਨੂੰ ਸਾਧੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਹੁਣ ਤੁਸੀਂ ਸਾਡੀ ਜਾਂ ਮੇਰੀ ਸੰਗਤ ਨਹੀਂ ਕਰ ਰਹੇ ਤੁਸੀਂ ਗੁਰਬਾਣੀ ਦੀ ਸੰਗਤ ਕਰ ਰਹੇ ਹੋ। ਅਸੀਂ ਗੁਰਬਾਣੀ ਦਾ ਉਚਾਰਨ ਕਰਦੇ ਹਾਂ ਤਦ ਅਸੀਂ ਵੀ ਗੁਰਬਾਣੀ ਦੀ ਸੰਗਤ ਕਰ ਰਹੇ ਹਾਂ। ਤੁਸੀਂ ਵੀ ਸੰਗਤ ਕਰ ਰਹੇ ਹੋ। ਅਸੀਂ ਆਪਣਾ ਬੋਲਿਆ ਵੀ ਜਦੋਂ ਤੱਕ ਸੁਣਦੇ ਨਹੀਂ ਹਾਂ ਤਦ ਤੱਕ ਅਸੀਂ ਗੁਰਬਾਣੀ ਦੀ ਸੰਗਤ ਨਹੀਂ ਕਰ ਰਹੇ ਹੁੰਦੇ। ਅਰਦਾਸ ਹੋ ਰਹੀ ਹੈ, ਕਥਾ ਹੋ ਰਹੀ ਹੈ, ਯਸ਼ ਹੋ ਰਿਹਾ ਹੈ, ਸਤਿਸੰਗ ਹੋ ਰਿਹਾ ਹੈ ਅਗਰ ਅਸੀਂ ਇਸ ਨੂੰ ਗ੍ਰਹਿਣ ਨਹੀਂ ਕਰ ਰਹੇ ਤਦ ਸਮਝੋ ਅਸੀਂ ਸੰਗਤ ਨਹੀਂ ਕਰ ਰਹੇ। ਅਸੀਂ ਗ੍ਰਹਿਣ ਕਰਨ ਤੋਂ ਬਾਅਦ ਇਸ ਨੂੰ ਹਿਰਦੇ ਵਿੱਚ ਵਸਾਉਂਦੇ ਹਾਂ ਫੇਰ ਸੰਗਤ ਹੁੰਦੀ ਹੈ। ਜਦੋਂ ਜੀਵ ਸਾਧੂਆਂ ਦੇ ਬਚਨਾ ਨੂੰ ਸੁਣ ਕੇ ਉਹਨਾਂ ਨੂੰ ਗ੍ਰਹਿਣ ਕਰਕੇ ਹਿਰਦੇ ਵਿੱਚ ਵਸਾਉਂਦਾ ਹੈ ਉਦੋਂ ਜੀਵ ਸੱਚੀ ਸੰਗਤ ਕਰ ਰਿਹਾ ਹੁੰਦਾ ਹੈ। ਜਿਹੜੇ ਜੀਵ ਮੁਕੱਦਮੇ, ਝਗੜੇ, ਬਿਮਾਰੀਆਂ, ਲੜਾਈਆਂ ਵਿੱਚ ਪੈਂਦੇ ਹਨ ਉਹ ਆਉਂਦੇ ਜਰੂਰ ਹਨ ਪਰ ਗੁਰਬਾਣੀ ਦੀ ਸੰਗਤ ਨਹੀਂ ਕਰਦੇ। ਜਾਂ ਫੇਰ ਉਹ

*ਮਾਣ ਵਡਿਆਈ ਕਾਰਨੇ ਬਗਤ ਕਰੇ ਸੰਸਾਰ।*

*ਜੇ ਕੋ ਦੇਖੇ ਹੀਣਤਾ ਔਗੁਣ ਧਰੇ ਗੰਵਾਰ।*

*ਜਾਂ*

*ਦੁਖ ਮਹਿ ਸਿਮਰਨ ਸਭ ਕਰੇਂ ਸੁਖ ਮਹਿ ਕਰੇ ਨ ਕੋਇ*

*ਜੇ ਸੁਖ ਮਹਿ ਸਿਮਰਨ ਕਰੇ ਤਾ ਦੁਖ ਕਾਹੇ ਹੋਇ।*

ਤੁਸੀਂ ਘਰੋਂ ਤੁਰਨ ਲੱਗੇ ਕਦੇ ਇਹ ਸੋਚ ਕੇ ਦੇਖਿਉ ਕਿ ਅਸੀਂ ਸਿਰਫ਼ ਗੁਰਬਾਣੀ ਦੀ ਸੰਗਤ ਕਰਨ ਚੱਲੇ ਹਾਂ, ਗੁਰਬਾਣੀ ਸੁਣਨ ਚੱਲੇ ਹਾਂ, ਗੁਰਬਾਣੀ ਨੂੰ ਹਿਰਦੇ ਵਿੱਚ ਵਸਾਉਣ ਚੱਲੇ ਹਾਂ। ਤੁਹਾਡੇ ਜਿੰਨੇ ਵੀ ਕੰਮ ਵਿਗੜੇ ਹੋਣਗੇ ਉਸੇ ਵਕਤ ਠੀਕ

ਹੋ ਜਾਣਗੇ। ਜਦੋਂ ਅਸੀਂ ਸ਼ਰਧਾ ਨਾਲ ਤੁਰਦੇ ਹਾਂ ਫੇਰ ਕੋਈ ਕਮੀ ਨਹੀਂ ਆਉਂਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਗੁਰਬਾਣੀ ਦੀ ਸੰਗਤ ਭਾਗਾਂ ਵਾਲੇ ਕਰਦੇ ਹਨ।

*ਸੰਤੁ ਮਿਲੈ ਕਿਛੁ ਸੁਨੀਐ ਕਹੀਐ॥*

*ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥*

*ਬਾਬਾ ਬੋਲਨਾ ਕਿਆ ਕਹੀਐ॥*

*ਜੈਸੇ ਰਾਮ ਨਾਮ ਰਵਿ ਰਹੀਐ॥੧॥ ਰਹਾਉ॥ (ਅੰਗ 870)*

ਹਜ਼ੂਰ ਕਬੀਰ ਸਾਹਿਬ ਜੀ ਨੇ ਵੀ ਫ਼ੁਰਮਾਨ ਕੀਤਾ ਹੈ ਕਿ ਅਗਰ ਸਾਧੂ ਮਿਲਣ ਤਦ ਉਹਨਾਂ ਕੋਲ ਬੇਨਤੀਆਂ ਕਰਕੇ ਕੋਈ ਭੇਦ ਪੁੱਛੋ। ਅਗਰ ਬੋਲਣਾ ਹੈ ਤਦ ਰਾਮ ਨਾਮ ਦਾ ਯਸ਼ ਬੋਲੋ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ

*ਸੰਤਨ ਸਿਉ ਬੋਲੇ ਉਪਕਾਰੀ॥*

*ਮੂਰਖ ਸਿਉ ਬੋਲੇ ਝਖ ਮਾਰੀ॥੨॥ (ਅੰਗ 870)*

ਅਗਰ ਕੋਈ ਆਪਣੇ ਆਪ ਨੂੰ ਸਾਧੂ ਦੱਸਦਾ ਹੈ ਪਰ ਗੱਲਾਂ ਚੰਗੀਆਂ ਨਹੀਂ ਕਰਦਾ ਤਦ ਉਹ ਝਖ ਮਾਰਨ ਵਾਲੀ ਗੱਲ ਕਰਦਾ ਹੈ।

*ਸੰਤਨ ਸਿਉ ਬੋਲੇ ਉਪਕਾਰੀ। (ਅੰਗ 870)*

ਸਾਧੂਆਂ ਦੇ ਬਚਨ ਸੁਣਨ ਨਾਲ ਉਪਕਾਰ ਹੋਵੇਗਾ।

*ਕਹੁ ਕਬੀਰ ਛੂਛਾ ਘਟੁ ਬੋਲੈ॥*

*ਭਰਿਆ ਹੋਇ ਸੁ ਕਬਹੁ ਨ ਡੋਲੈ॥੪॥ (ਅੰਗ 870)*

ਕਈ ਸੱਚ ਕਹਿਣ ਤੋਂ ਡਰ ਜਾਂਦੇ ਹਨ, ਰੁਕ ਜਾਂਦੇ ਹਨ। ਰਾਮ ਰਾਇ ਜੀ ਵਰਗੇ ਜਹਾਂਗੀਰ ਦੇ ਦਰਬਾਰ ਵਿੱਚ ਜਾ ਕੇ ਡਰ ਗਏ ਸੀ। ਪਰ ਸਾਧੂਆਂ ਤੋਂ ਬਗੈਰ ਕੋਈ ਸੱਚ ਨਹੀਂ ਕਹਿ ਸਕਦਾ। ਉਹ ਭਾਗਾਂ ਵਾਲਾ ਸਮਾਂ ਹੁੰਦਾ ਹੈ ਜਦੋਂ ਜੀਵ ਗੁਰਬਾਣੀ ਦੀ ਸੰਗਤ ਕਰਕੇ ਹਿਰਦੇ ਵਿੱਚ ਵਸਾਉਂਦਾ ਹੈ।

**ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ॥**

ਇਸ ਦਾ ਭਾਵ ਇਹ ਨਹੀਂ ਹੈ ਕਿ ਜੋ ਸਿਮਰਨ ਕਰਦੇ ਹਨ ਉਹ ਕਦੇ ਮਰਦੇ ਨਹੀਂ ਹਨ। ਉਹ ਦੇਹ ਦਾ ਉਹਲਾ ਕਰਦੇ ਹਨ ਪਰ ਸਦਾ ਜਿੰਦਾ ਰਹਿੰਦੇ ਹਨ। ਹੁਣ ਸਾਡੇ ਹਜ਼ੂਰ ਨੇ ਸਾਨੂੰ ਸਿੱਧੇ ਰਸਤੇ ਪਾਇਆ। ਜਦੋਂ ਤੱਕ ਸਾਡੇ ਸੁਆਸ ਹਨ ਹਜ਼ੂਰ ਸਾਡੇ ਹਿਰਦੇ ਵਿੱਚ ਵੱਸਦੇ ਹਨ ਜੀਵਤ ਹਨ। ਦੱਸ ਪਾਤਸ਼ਾਹੀਆਂ ਨੇ ਦੁਨੀਆਂ ਨੂੰ ਸਿੱਧੇ ਰਸਤੇ ਪਾਇਆ ਉਹ ਚੋਲਾ ਛੱਡ ਗਏ ਪਰ ਉਹ ਸਾਡੇ ਕੋਲ ਹਨ। ਉਹ ਸਾਡੇ ਨਾਲ ਹਨ। ਜੋ ਪ੍ਰਾਣੀ ਸਿਮਰਨ ਕਰਦੇ ਹਨ ਉਹ ਦੁਨੀਆਂ ਵਿੱਚ ਸਦਾ ਜਿਉਂਦੇ ਰਹਿੰਦੇ ਹਨ।

*ਨਾਮੁ ਰਹਿਓ ਸਾਧੂ ਰਹਿਓ ਗੁਰੁ ਗੋਬਿੰਦੁ॥*

*ਕਹੁ ਨਾਨਕ ਇਹ ਜਗਤ ਮੈ*

*ਕਿਨ ਜਪਿਓ ਗੁਰ ਮੰਤੁ॥ ੫੬॥ (ਅੰਗ 1429)*

ਉਸ ਠਾਕੁਰ ਦਾ ਨਾਮ, ਅੰਮ੍ਰਿਤ ਬਹੁਤ ਉੱਚਾ ਸੁੱਚਾ ਹੈ ਜੋ ਸਿਮਰਨ ਕਰਦੇ ਹਨ। ਉਹ ਦੁਨੀਆਂ ਵਿਚੋਂ ਦੇਹ ਦਾ ਓਹਲਾ ਕਰਕੇ ਵੀ ਅਮਰ ਹੋ ਜਾਂਦੇ ਹਨ, ਜਿੰਦਾ ਰਹਿੰਦੇ ਹਨ। ਕਿਉਂਕਿ

*ਕਬੀਰ ਮਰਤਾ ਮਰਤਾ ਜਗੁ ਮੂਆ*

*ਮਰਿ ਭੀ ਨ ਜਾਨਿਆ ਕੋਇ॥*

*ਐਸੇ ਮਰਨੇ ਜੋ ਮਰੈ*

*ਬਹੁਰਿ ਨ ਮਰਨਾ ਹੋਇ॥ ੨੯॥ (ਅੰਗ 1365-66)*

ਉਹ ਦੁਨੀਆਂ ਵਿੱਚ ਸਦਾ ਜਿੰਦਾ ਰਹਿੰਦੇ ਹਨ।

**ਜਿਸ ਨੋ ਕਰਮਿ ਪਰਾਪਤਿ ਹੋਵੈ**

**ਸੋ ਜਨੁ ਨਿਰਮਲੁ ਥੀਵੈ॥2॥**

ਹੁਣ ਅਸੀਂ ਸਿਮਰਨ ਵੀ ਕਰਦੇ ਹਾਂ, ਸਤਿਸੰਗ ਵੀ ਸੁਣਦੇ ਹਾਂ। ਪਰ ਜੋ ਆਤਮਾਵਾਂ ਮਨ-ਚਿਤ ਇਕਾਗਰ ਕਰ ਕੇ ਸਤਿਸੰਗ (ਗੁਰਬਾਣੀ) ਸੁਣਦੀਆਂ ਹਨ ਉਹ ਨਿਰਮਲ ਹੋ ਜਾਂਦੀਆਂ ਹਨ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥*

*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥੫੫॥*

*(ਅੰਗ 1367)*

*ਤਥਾ*

*ਮੇਰਾ ਰਾਮ ਮੁਝੇ ਭਜੇ ਤੋ ਪਾਉਂ ਬਿਸਰਾਮ।*

ਸ. ਜਗੀਰ ਸਿੰਘ ਮਿਸਤਰੀ ਸਾਡੇ ਬਹੁਤ ਸੱਜਣ ਅਤੇ ਗੁਰਭਾਈ ਸਨ। ਉਸ ਦੇ ਘਰੋਂ ਬੀਬੀ ਸਰਿੰਦਰ ਕੌਰ ਹੈ। ਉਹ ਗੁੱਸਾ ਕਰ ਲਵੇ ਜਾਂ ਨਾ ਕਰੇ ਅਸੀਂ ਤੁਹਾਨੂੰ ਸਿੱਖਿਆ ਦੇਣ ਲਈ ਦੱਸਣ ਲੱਗੇ ਹਾਂ। ਅਸੀਂ ਹਜ਼ੂਰ ਦੇ ਦਰਬਾਰ ਵਿੱਚ ਜਾਣਾ ਅਤੇ ਉੱਠ ਕੇ ਬੇਨਤੀ ਕਰਨੀ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ, ਦਇਆ ਕਰੋ, ਬਖਸ਼ਿਸ਼ ਕਰੋ, ਕੋਈ ਦਾਸ ਲਾਇਕ ਸੇਵਾ ਦੱਸੋ। ਹਜ਼ੂਰ ਨੇ ਕਹਿਣਾ ਪੁੱਤਰ! ਜਾਂਦਿਆਂ ਜਗੀਰ ਸਿੰਘ ਦੇ ਘਰ ਜਾਵੀਂ ਅਤੇ ਉਸ ਬੀਬੀ ਕੋਲੋਂ ਚਾਹ ਪਾਣੀ ਪੀ ਕੇ ਅੱਗੇ ਚਲਾ ਜਾਵੀਂ। ਅਸੀਂ ਕਹਿਣਾ ਹਜ਼ੂਰ! ਸਤਿ ਬਚਨ। ਸਾਡੇ ਹਜ਼ੂਰ ਰਾਧਾ ਸੁਆਮੀ ਬੁਲਾਉਂਦੇ ਸਨ। ਅਸੀਂ ਕਿਸੇ ਤੋਂ ਲੁਕਾਉਂਦੇ ਨਹੀਂ ਹਾਂ। ਪਰ ਹਜ਼ੂਰ ਨੇ ਕਹਿ ਦਿੱਤਾ ਸੀ ਕਿ ਰਾਧਾ ਸੁਆਮੀ ਬੋਲਾ ਹੈ, ਮੱਤ ਨਹੀਂ ਹੈ। ਸਾਡਾ ਮੱਤ ਸਤਿਨਾਮੁ ਹੈ, ਮੱਤ ਸ਼ਬਦ ਹੈ ਅਤੇ ਮੱਤ ਗੁਰਬਾਣੀ ਹੈ। ਉਦੋਂ ਅਸੀਂ ਐੱਸ.ਐੱਚ.ਓ. ਕੋਤਵਾਲੀ ਲੱਗੇ ਹੋਏ ਸੀ। ਉੱਥੇ ਹੀ ਸਹਿਵਨ ਕਿਸੇ ਦੀ ਮੌਤ ਹੋ ਗਈ ਸੀ। ਇਹਨਾਂ ਦੇ ਟਰੱਕ ਨੇੜੇ ਸਨ। ਅਸੀਂ ਜਗੀਰ ਸਿੰਘ ਨੂੰ ਕਿਹਾ ਕਿ ਹੋਰ ਕੋਈ ਚਾਰਾ ਨਹੀਂ ਹੈ, ਆਪਾਂ ਕੋਸ਼ਿਸ਼ ਕਰਦੇ ਹਾਂ ਕਿ ਖੋਜ ਕਰ ਲਈਏ। ਬਾਅਦ ਵਿੱਚ ਕੇਸ ਹੋ ਗਿਆ। ਪਰ ਅਸੀਂ

ਉਸ ਦੇ ਵਿੱਚ ਜਗੀਰ ਸਿੰਘ ਦੀ ਗਵਾਹੀ ਪਾ ਦਿੱਤੀ। ਕਿਉਂਕਿ ਉਹਨਾਂ ਦੀ ਦੁਕਾਨ ਦੇ ਸਾਹਮਣੇ ਵਾਕਿਆ ਹੋਇਆ ਸੀ। ਜਾਂ ਦੁਕਾਨ ਵਾਲਿਆਂ ਦਾ ਚਲਾਨ ਕਰਨਾ ਸੀ ਜਾਂ ਗਵਾਹੀ ਪਾਉਣੀ ਸੀ। ਸੁਰਿੰਦਰ ਕੌਰ ਨੂੰ ਗੁੱਸਾ ਇਹ ਸੀ ਕਿ ਮੇਰੇ ਘਰਵਾਲੇ ਦੀ ਗਵਾਹੀ ਕਿਉਂ ਰੱਖੀ ਹੈ। ਉਸਦਾ ਵਿਚਾਰ ਸੀ ਕਿ ਪੁਲਿਸ ਵਾਲੇ ਮਾੜੇ ਹੁੰਦੇ ਹਨ। ਜਦੋਂ ਅਸੀਂ ਜਾ ਕੇ ਚਾਹ ਮੰਗਣੀ ਤਦ ਇਸ ਨੇ ਪੰਜਾਹ ਸੌ ਉਹ ਗਾਲਾਂ ਕੱਢਣੀਆਂ ਜੋ ਸੁਣੀਆਂ ਨਾ ਜਾਣ। ਇਸ ਨੇ ਕਹਿਣਾ ਕਿ ਤੇਰੀ ਐਸੀ, ਤੈਸੀ, ਤੇਰੀ ਦਾਹੜੀ ਪੁਟ ਕੇ ਆਹ ਕਰ ਦਿਆਂਗੀ, ਔਹ ਕਰ ਦਿਆਂਗੀ ਤੂੰ ਲੈਣ ਕੀ ਆਇਆਂ ਏਂ! ਤੂੰ ਹਟੱਦਾ ਨਹੀਂ। ਤੂੰ ਬੇਸ਼ਰਮ ਏਂ, ਢੀਠ ਏਂ। ਅਸੀਂ ਕਹਿਣਾ ਬੀਬੀ! ਤੂੰ ਥੱਕੀਂ ਏਂ ਅਜੇ ਜਾਂ ਨਹੀਂ। ਜੋ ਮਰਜੀ ਕਰ ਲੈ ਅਸੀਂ ਤੇਰੇ ਕੋਲੋਂ ਚਾਹ ਤਾਂ ਪੀ ਕੇ ਹੀ ਜਾਣੀ ਹੈ। ਆਹ ਗਾਲਾਂ ਤਾਂ ਤੂੰ ਚਾਹ ਦੇ ਨਾਲ ਮਠਿਆਈ ਖੁਆਈ ਹੈ, ਜਾਂ ਨਮਕੀਨ ਅਤੇ ਬਾਕੀ ਸਭ ਕੁਝ ਖੁਆ ਦਿੱਤਾ ਹੈ। ਹੁਣ ਤੂੰ ਚਾਹ ਪਿਆ ਦੇ ਤਾਂ ਕਿ ਅਸੀਂ ਜਾਈਏ। ਇਸ ਨੇ ਕਹਿਣਾ ਚਾਹ ਨਹੀਂ ਤੈਨੂੰ ਕੁਝ ਹੋਰ ਪਿਆਵਾਂਗੀ। ਜਗੀਰ ਸਿੰਘ ਨੇ ਕਹਿਣਾ ਕਿ ਚੱਲ ਮੈਂ ਖੁਦ ਚਾਹ ਪਿਆ ਦਿੰਦਾ ਹਾਂ। ਫੇਰ ਇਸ ਨੇ ਉੱਠ ਕੇ ਚਾਹ ਬਣਾ ਕੇ ਪਿਆ ਵੀ ਦੇਣੀ। ਪਰ ਜਦੋਂ ਫੇਰ ਦੂਸਰੀ ਵਾਰ ਜਾਣਾ ਤਦ ਹਜ਼ੂਰ ਨੂੰ ਪੁੱਛਣਾ ਤਾਂ ਹਜ਼ੂਰ ਨੇ ਕਹਿਣਾ ਕਿ ਬਈ ਤੂੰ ਭੈਣ ਕੋਲੋਂ ਚਾਹ ਪੀ ਕੇ ਜਾਵੀਂ। ਹਜ਼ੂਰ ਸਭ ਕੁਝ ਜਾਣਦੇ ਸਨ।

*ਜੇ ਕੋਈ ਸੁੱਟੇ ਕੂੜਾ ਕਰਕਟ ਰੂੜੀ ਵਾਂਗਰ ਸਹੀਏ ਹੂ।*

*ਜਿੱਲਤ ਇੱਲਤ ਲੱਖ ਉਲਾਹਮੇ ਯਾਦ ਦੇ ਸੁਣ ਸਹੀਏ ਹੂ।*

ਯਾਰ ਕੀ ਤੇ ਉਲਾਹਮਾ ਕੀ। ਅਸੀਂ ਕਹਿਣਾ ਹਜ਼ੂਰ! ਸਤਿ ਬਚਨ। ਭੈਣ ਨੇ ਬਹੁਤ ਪਿਆਰ ਕੀਤਾ ਸੀ। ਸਮਾਂ ਬੀਤ ਗਿਆ। ਹਜ਼ੂਰ ਨੇ ਡਿਊਟੀ ਲਾਈ। ਸਾਡੀ ਭੈਣ ਆਈ ਅਤੇ ਆ ਕੇ ਕਹਿਣ ਲੱਗੀ ਮਾਫ਼ ਕਰ ਦਿਉ। ਕੀ ਮੈਂ ਵੀ ਬਖਸ਼ੀ ਜਾਵਾਂਗੀ। ਤੁਸੀਂ ਸਭ ਕੁਝ ਜਾਣਦਿਆਂ ਹੋਇਆਂ ਮੇਰੇ ਕੋਲੋਂ ਗਾਲਾਂ ਖਾਂਦੇ ਰਹੇ। ਅਸੀਂ ਕਿਹਾ ਭੈਣ! ਉਹ ਤਾਂ ਹਜ਼ੂਰ ਦੀ ਮੌਜ ਸੀ ਸਾਡਾ ਕੋਈ ਕਰਮ ਹੋਵੇਗਾ। ਪਰ ਅੱਜ ਤੁਸੀਂ ਛੋਟੀ ਜਿਹੀ ਗੱਲ ਤੋਂ ਸੰਗਤ ਨਾਲ ਝਗੜੇ ਕਰਦੇ ਹੋ ਕਿ ਮੈਨੂੰ ਮਿਲਿਆ ਨਹੀਂ ਹੈ। ਮੈਨੂੰ ਆਹ ਨਹੀਂ ਕੀਤਾ ਔਹ ਨਹੀਂ ਕੀਤਾ। ਸਦ ਅਫਸੋਸ ਹੈ। ਯਾਰ ਕੀ ਤੇ ਹਿਸਾਬ ਕੀ। ਸੋਈ ਸਾਨੂੰ ਹਜ਼ੂਰ ਨੇ ਐਸੀਆਂ ਐਸੀਆਂ ਕਸਵੱਟੀਆਂ ਤੇ ਲਾਇਆ ਕਿ ਇੱਕ ਆਮ ਜੀਵ ਬਰਦਾਸ਼ਤ ਨਹੀਂ ਕਰ ਸਕਦਾ। ਗੁਰੂ ਦੀ ਕਿਰਪਾ ਹੋਵੇ ਤਦ ਕੋਈ ਸਹਿਣ ਕਰ ਸਕਦਾ ਹੈ। ਜੱਟ ਦਾ ਪੁੱਤ ਹੋਵੇ, ਕੋਤਵਾਲ ਲੱਗਾ ਹੋਵੇ ਅਤੇ ਇੱਕ ਆਮ ਜੀਵ ਗਾਲਾਂ ਕੱਢੇ ਫੇਰ ਅਗਿਉਂ ਹੱਸੀ ਜਾਵੇ ਕਿ ਭੈਣ ਕੋਈ ਗੱਲ ਨਹੀਂ ਦੱਸ ਕੀ ਕਰਨਾ ਹੈ? ਇਹ ਸਭ ਗੁਰੂ ਦੀ ਬਖਸ਼ਿਸ਼ ਤੋਂ ਬਗੈਰ ਨਹੀਂ ਹੋ ਸਕਦਾ। ਸੋਈ ਸੰਗਤ ਵਿੱਚ ਪਿਆਰ ਹੋਣਾ ਚਾਹੀਦਾ ਹੈ। ਕਵੀਆਂ ਨੇ ਲਿਖਿਆ ਹੈ ਕਿ

*ਗਰ ਕਿਸੀ ਕੋ ਮਾਰਨਾ ਹੋ ਮਾਰ ਮਤ ਅਹਿਸਾਨ ਕਰ।*

*ਖ਼ੁਦ ਹੀ ਮਰ ਜਾਏਗਾ ਵੋਹ ਅਹਿਸਾਨ ਕਾ ਮਾਰਾ ਹੁਆ॥*

ਸੋਈ ਪਿਆਰ ਇੱਕ ਐਸੀ ਚੀਜ ਹੈ ਜਿਸ ਵਿੱਚ ਕੋਈ ਮਿਹਣਾ ਜਾਂ ਉਲਾਹਮਾਂ ਨਹੀਂ ਹੁੰਦਾ। ਜਿਸ ਤਰ੍ਹਾਂ ਭੁੱਖੇ ਨੂੰ ਖਾਂਦਿਆਂ ਲਾਜ ਨਹੀਂ ਆਉਂਦੀ ਇਸ ਤਰ੍ਹਾਂ ਪਿਆਰ ਕਰਨ ਵਾਲੇ ਨੂੰ ਕਦੇ ਪਿਆਰ ਦੀ ਗੱਲ ਬੁਰੀ ਨਹੀਂ ਲੱਗਦੀ। ਅਗਰ ਐਸਾ ਨਾ ਹੁੰਦਾ ਤਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੂੰ ਲੋਕਾਂ ਨੇ ਮਿਹਣੇ ਦਿੱਤੇ ਕਿ ਬੁੱਢੇ ਵਾਰੇ ਕੁੜਮਾਂ ਦੇ ਘਰ ਹੱਡ ਰੋਲ ਰਿਹਾ ਹੈ, ਕੂਕਰ ਫਿਰਦਾ ਹੈ। ਜਦੋਂ ਉਹਨਾਂ ਨੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਕੋਲ ਫ਼ਰਿਆਦ ਕੀਤੀ ਤਦ ਹਜ਼ੂਰ ਕਹਿਣ ਲੱਗੇ ਅਗਰ ਸੇਵਾ ਕਰਨੀ ਹੈ ਤਦ ਅੱਜ ਤੋਂ ਬਾਦ ਗਿੱਟੇ ਨਾਲ ਘੁੰਗਰੂ ਬੰਨ੍ਹ ਲੈ। ਜਿੱਥੇ ਵੀ ਜਾਏਂਗਾ ਘੁੰਗਰੂ ਬੰਨ੍ਹ ਕੇ ਜਾਵੀਂ। ਜਿਸ ਨੇ ਨਹੀਂ ਵੀ ਸੁਣਿਆ ਉਸ ਨੂੰ ਵੀ ਪਤਾ ਲੱਗ ਜਾਵੇ ਕਿ ਬੁੱਢੇ ਵਾਰੇ ਕੁੜਮਾਂ ਦੇ ਘਰ ਕੂਕਰ ਤੁਰਿਆ ਫਿਰਦਾ ਹੈ। ਸੋਈ ਪਿਆਰ ਦੀਆਂ ਗੰਢਾਂ ਐਨੀਆਂ ਪੀਡੀਆਂ ਕਰੋ ਕਿ ਕੋਈ ਦੁਸ਼ਮਣ, ਕੋਈ ਗੈਰ ਸਤਿਸੰਗੀ ਜਾਂ ਕਾਲ ਕਿਸੇ ਗੈਰ ਸਤਿਸੰਗੀ ਵਿੱਚ ਵੱਸ ਕੇ ਤੁਹਾਨੂੰ ਪਾੜ ਨਾ ਸਕੇ, ਕੋਈ ਆਂਚ ਨਾ ਆਏ। ਸਾਡਾ ਇਕੋ ਮਿਸ਼ਨ ਹੋਣਾ ਚਾਹੀਦਾ ਹੈ ਕਿ

*ਗੁਰੂ ਨਾਨਕ ਨਾਮ ਚੜ੍ਹਦੀ ਕਲਾ।*

*ਤੇਰੇ ਭਾਣੇ ਸਰਬਤ ਦਾ ਭਲਾ।*

ਨਾਨਕ ਨਾਮ– ਉਹ ਸਾਡੇ ਗੁਰੂ ਹਨ ਅਗਰ ਗੁਰੂ ਨਾਨਕ ਨਾਮ ਵੀ ਕਹਿ ਦੇਈਏ ਤਦ ਵੀ ਕੋਈ ਗਲਤ ਨਹੀਂ ਹੈ। ਸਾਨੂੰ ਸਭ ਦੇ ਭਲੇ ਲਈ ਯਤਨ ਕਰਨਾ ਚਾਹੀਦਾ ਹੈ ਜੋ ਕਿ ਸਾਡਾ ਮਿਸ਼ਨ ਹੈ। ਅਸੀਂ ਹਸਪਤਾਲ ਬਣਾਏ ਹਨ ਅਸੀਂ ਕਦੇ ਕਿਸੇ ਨੂੰ ਨਹੀਂ ਪੁੱਛਿਆ ਕਿ ਤੂੰ ਅਕਾਲੀ ਏਂ, ਕਾਂਗਰਸੀ ਏਂ, ਜਾਂ ਬੀ. ਜੇ. ਪੀ. ਵਾਲਾ. ਏਂ ਜਾਂ ਕੋਈ ਹੋਰ ਏਂ। ਜਾਂ ਕੋਈ ਹੱਕ ਵਾਲਾ ਜਾਂ ਬੇਹੱਕ ਵਾਲਾ ਹੈ ਕਿਉਂਕਿ ਆਪਾ ਭਾਈ ਘਨਈਆ ਜੀ ਦੇ ਮਿਸ਼ਨ ਉਪੱਰ, ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਮਿਸ਼ਨ ਉੱਪਰ ਚਲਣਾ ਹੈ।

*ਬਿਸਰਿ ਗਈ ਸਭ ਤਾਤਿ ਪਰਾਈ॥*

*ਜਬ ਤੇ ਸਾਧ ਸੰਗਤਿ ਮੋਹਿ ਪਾਈ॥ ੧॥ ਰਹਾਉ॥*

*ਨਾ ਕੋ ਬੈਰੀ ਨਹੀਂ ਬਿਗਾਨਾ*

*ਸਗਲ ਸੰਗਿ ਹਮ ਕਉ ਬਨਿ ਆਈ॥੧॥ (ਅੰਗ 1299)*

*ਤਥਾ*

*ਬੜੇ ਪਿਆਰ ਸੇ ਮਿਲਨਾ ਸਭਸੇ*

*ਦੁਨੀਆਂ ਮੇਂ ਇਨਸਾਨ ਰੇ।*

*ਨ ਜਾਨੇ ਕਿਸ ਭੇਸ ਮੇਂ ਬਾਬਾ*

*ਮਿਲ ਜਾਏ ਤੁਝੇ ਭਗਵਾਨ ਰੇ।*

**ਬਿਘਨ ਬਿਨਾਸਨ ਸਭਿ ਦੁਖ ਨਾਸਨ**

**ਗੁਰ ਚਰਣੀ ਮਨੁ ਲਾਗਾ॥**

ਜਦੋਂ ਮਨ ਗੁਰਬਾਣੀ ਨਾਲ, ਗੁਰੂ ਦੇ ਚਰਨਾਂ ਨਾਲ ਲਾਵਾਂਗੇ ਫੇਰ ਸਾਡੇ ਕਾਰੋਬਾਰਾਂ ਵਿੱਚ ਜਿੰਨੇ ਵੀ ਵਿਘਨ ਪੈਂਦੇ ਹਨ ਹਜ਼ੂਰ ਸਾਰੇ ਹੀ ਦੂਰ ਕਰ ਦਿੰਦੇ ਹਨ। ਜਦੋਂ ਅਸੀਂ ਇੱਥੇ ਗਰਜ ਲਈ ਜਾਂ ਲੋੜ ਲਈ ਆਵਾਂਗੇ ਫੇਰ ਬਖਸ਼ਿਸ਼ ਨਹੀਂ ਹੋਣੀ। ਪਰ ਤੁਹਾਨੂੰ ਗਰਜ ਕੇਵਲ ਨਾਮ ਦੀ ਅਤੇ ਗੁਰਬਾਣੀ ਸੁਣਨ ਦੀ ਹੋਣੀ ਚਾਹੀਦੀ ਹੈ। ਬਾਕੀ ਸਾਰੀਆਂ ਗਰਜਾਂ ਸਤਿਗੁਰ 'ਤੇ ਛੱਡ ਦਿਉ ਫੇਰ ਉਹ ਮਾਲਿਕ ਤੁਹਾਨੂੰ ਕਿਸੇ ਦੇ ਗੋਚਰੇ ਨਹੀਂ ਰਹਿਣ ਦੇਣਗੇ। ਅਸੀਂ ਜਿੰਮੇਵਾਰੀ ਚੁੱਕਦੇ ਹਾਂ ਕਿ ਹਜ਼ੂਰ ਸਾਰੇ ਦੁੱਖ ਨਵਿਰਤ ਕਰਨਗੇ ਪਰ ਜੇਕਰ ਗੁਰਬਾਣੀ ਨਾਲ ਚਿੱਤ ਲਾਂਵਾਗੇ।

**ਗੁਣ ਗਾਵਤ ਅਚੁਤ ਅਬਿਨਾਸੀ**

**ਅਨਦਿਨੁ ਹਰਿ ਰੰਗਿ ਜਾਗਾ॥੩॥**

ਉਸ ਅਬਿਨਾਸੀ ਤਾਕਤ ਦੇ ਗੁਣ ਗਾਉ। ਮਾਲਿਕ ਨਾਲ ਲਿਵ ਲਾ ਕੇ ਸਿਮਰਨ ਕਰੋ। ਕਿਉਂਕਿ

*ਜੇ ਕੋਈ ਸੁੱਟੇ ਕੂੜਾ ਕਰਕਟ ਰੂੜੀ ਵਾਂਗਰ ਸਹੀਏ ਹੂ।*

*ਜਿੱਲਤ ਇੱਲਤ ਲੱਖ ਉਲਾਹਮੇ ਯਾਰ ਦੇ ਸੁਣ ਸਹੀਏ ਹੂ।*

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦਰਸ਼ਨੀ ਡਿਉੜੀ ਤੋਂ ਜਾਂਦੇ ਸੀ ਤਾਂ ਪ੍ਰਿਥੀਆਂ ਜੀ ਦੇ ਘਰੋਂ ਜੋ ਬੀਬੀ ਜੀ ਉਹ ਹਜ਼ੂਰ ਉੱਪਰ ਕੂੜਾ ਪਾਉਂਦੀ ਹੁੰਦੀ ਸੀ। ਇੱਕ ਦਿਨ ਹਜ਼ੂਰ ਅੱਗੇ ਚਲੇ ਗਏ ਤਦ ਬੀਬੀ ਪਿੱਛੇ ਭੱਜੀ ਆਈ। ਤਦ ਹਜ਼ੂਰ ਬੈਠ ਗਏ ਅਤੇ ਉਪਰ ਕੂੜਾ ਪਵਾ ਲਿਆ। ਇੱਕ ਦਿਨ ਫੇਰ ਜਦੋਂ ਹਜ਼ੂਰ ਆਏ ਤਾਂ ਬੀਬੀ ਨਹੀਂ ਆਈ। ਉਹ ਝਾੜੂ ਲਗਾ ਕੇ ਕੂੜਾ ਇੱਕਠਾ ਕਰਕੇ ਰੱਖਦੀ ਸੀ ਅਤੇ ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਲੰਘਣਾ ਤਦ ਉਸ ਨੇ ਉੱਪਰ ਸੁੱਟ ਦੇਣਾ। ਤਦ ਹਜ਼ੂਰ ਅਵਾਜ ਦੇ ਕੇ ਕਹਿਣ ਲੱਗੇ ਭਾਗਾਂ ਵਾਲੀਏ ਬੀਬੀ! ਤੈਨੂੰ ਪਿੱਛੇ ਭੱਜਣਾ ਪਵੇਗਾ ਤੂੰ ਕੂੜਾ ਪਾ ਤਾਂ ਕਿ ਅਸੀਂ ਅੱਗੇ ਜਾਈਏ।

*ਖਾਦ ਖੂਦ ਧਰਤੀ ਸਹੇ ਕਾਟ ਕੂਟ ਬਨਰਾਇ*

*ਕੁਟਲ ਬਚਨ ਸਾਧੂ ਸਹੇਂ ਅਉਰ ਸੇ ਸਹਾ ਨ ਜਾਇ।*

*ਤਥਾ*

*ਗੱਲਾਂ ਬਰਨ ਸੁਖਾਲੀਆਂ ਔਖੇ ਪਾਲਣੇ ਬੋਲ।*

ਹਜ਼ੂਰ ਦੀ ਕਿਰਪਾ ਤੋਂ ਬਗੈਰ ਜੀਵ ਕੜਵੇ ਬਚਨ ਸਹਿਣ ਨਹੀਂ ਕਰ ਸਕਦਾ ਪਰ

*ਜੋ ਜਰਿਆ ਸੋ ਤਰਿਆ।*

ਇਤਿਹਾਸਕਾਰਾਂ ਅਤੇ ਆਲਮ ਫਾਜਲਾਂ ਨੇ ਲਿਖਿਆ ਹੈ ਕਿ ਸਭ ਤੋਂ ਵੱਡਾ ਸੂਰਮਾ ਉਹ ਹੈ ਜੋ ਆਪਣੇ ਗੁੱਸੇ ਉਪੱਰ ਕਾਬੂ ਪਾ ਲੈਂਦਾ ਹੈ। ਅਸੀਂ ਵੀ ਕਈ ਵਾਰ ਤੁਹਾਨੂੰ ਕੁਝ ਕਹਿ ਦਿੰਦੇ ਹਾਂ ਫੇਰ ਬਹੁਤ ਸੋਚਦੇ ਹਾਂ। ਪਰ ਅਸੀਂ ਸੰਸਥਾ ਦੇ ਹੈੱਡ ਹਾਂ। ਹੈੱਡ ਹੋਣ ਤੇ ਨਾਤੇ ਸਾਡੀ ਮਜਬੂਰੀ ਹੈ ਸਾਨੂੰ ਕਹਿਣਾ ਪੈਂਦਾ ਹੈ ਵਰਨਾ ਲੋਕ ਤਾਂ ਇਸ ਸ਼ੈੱਡ ਦੇ ਪਿਲੱਰ ਵੀ ਖਾ ਸਕਦੇ ਹੋ! ਐਨੀ ਕੁ ਸਖਤੀ ਕਰਨੀ ਹੀ ਪੈਂਦੀ ਹੈ। ਜਿਸ ਤਰ੍ਹਾਂ ਘੁਮਿਆਰ ਨੂੰ ਮਿੱਟੀ ਦੇ ਘੜੇ ਜਾਂ ਬਰਤਨ ਬਣਾਉਣ ਲਈ ਪਟੋਕੀਆਂ ਮਾਰਨ ਦੀ ਲੋੜ ਪੈਂਦੀ ਹੈ ਇਸ ਤਰ੍ਹਾਂ ਹੈੱਡ ਨੂੰ ਵੀ ਸਖਤੀ ਕਰਨੀ ਪੈਂਦੀ ਹੈ।

*ਗੁਰੂ ਘੁਮਾਰ ਸਿਖ ਕੁੰਭ ਹੈ ਘੜ ਘੜ ਕਾਢੇ ਖੋਟ।*

*ਭੀਤਰਿ ਤੇ ਰਖਿਆ ਕਰੇ ਬਾਹਰਿ ਲਗਾਵੇ ਚੋਟ।*

ਪਰ ਅਸੀਂ ਐਲਾਨ ਕਰਦੇ ਹਾਂ ਕਿ ਜਿਸ ਨੂੰ ਝਿੜਕਦੇ ਹਾਂ ਉਹ ਸਾਡਾ ਆਪਣਾ ਹੈ। ਜਿਸ ਨੂੰ ਅਸੀਂ ਕੁਝ ਨਹੀਂ ਕਹਿੰਦੇ ਉਹ ਸਾਡਾ ਕੁਝ ਨਹੀਂ ਲੱਗਦਾ। ਗੁਆਂਢੀਆਂ ਦਾ ਮੁੰਡਾ ਸ਼ਰਾਬ ਪੀਵੇ ਤਾਂ ਖੁਸ਼ ਹੋਈਦਾ ਹੈ ਆਪਣਾ ਪੁੱਤ ਸ਼ਰਾਬ ਪੀਵੇ ਤਦ ਮਿੰਨਤਾਂ ਕਰੀਦੀਆਂ ਹਨ ਝਿੜਕੀਦਾ ਹੈ ਕਿ ਨਾ ਪੁੱਤਰ ਇੰਝ ਨਾ ਕਰ। ਸੋਈ ਅੱਗ ਉਪੱਰ ਚਾਹੇ ਗਰਮ ਪਾਣੀ ਪੈ ਜਾਵੇ ਜਾਂ ਠੰਡਾ ਪਾਣੀ ਪੈ ਜਾਵੇ ਅੱਗ ਬੁੱਝ ਜਾਂਦੀ ਹੈ। ਅਸੀਂ ਜਿਸ ਨੂੰ ਵੀ ਝਿੜਕਦੇ ਹਾਂ ਉਸ ਦਾ ਕੰਮ ਠੀਕ ਕਰਨ ਲਈ ਝਿੜਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਕਿ

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*

*ਜੇ ਬਖਸੇ ਤ ਗੁਰ ਵਡਿਆਈ॥ (ਅੰਗ 758)*

ਅਗਰ ਸਾਧੂ ਕਿਸੇ ਨੂੰ ਝਿੜਕਦੇ ਹਨ ਤਦ ਪਤਾ ਹੋਣਾ ਚਾਹੀਦਾ ਹੈ ਕਿ ਮੇਰੀ ਕੋਈ ਗਲਤੀ ਹੈ ਜੋ ਸੁਧਾਰ ਰਹੇ ਹਨ। ਸੋਈ ਜਦੋਂ ਤੁਸੀਂ ਵੀ ਕਿਸੇ ਨੂੰ ਕੁਝ ਨਹੀਂ ਕਹਿੰਦੇ ਤਦ ਸਮਝੋ ਉਹ ਤੁਹਾਡਾ ਕੁਝ ਨਹੀਂ ਲੱਗਦਾ। ਸੋਈ ਸਾਨੂੰ ਇਹ ਸੋਝੀ ਹੋਣੀ ਚਾਹੀਦੀ ਹੈ।

**ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥**

ਹੁਣ ਅਸੀਂ ਸੋਭਾ, ਯਸ਼, ਉਸਤਤਿ, ਕਥਾ, ਸਤਿਸੰਗ ਕਰ ਰਹੇ ਹਾਂ ਅਗਰ ਤੁਹਾਨੂੰ ਇਹ ਬਚਨ ਅੱਛੇ ਲੱਗਣਗੇ ਤਦ ਇਹ ਸੁਹੇਲੇ ਬਣ ਕੇ ਮਦਦ ਕਰਨਗੇ। ਅਗਰ ਕਹੋ ਕਿ ਇਹ ਬਚਨ ਰੋਜ਼ ਹੀ ਸੁਣਦੇ ਹਾਂ ਤਦ ਸੋਚੋ ਰੋਜ ਰੋਟੀ ਵੀ ਖਾਂਦੇ ਹੋ, ਪਾਣੀ ਵੀ ਪੀਂਦੇ ਹੋ, ਰੋਜ ਸਾਹ ਵੀ ਲੈਂਦੇ ਹੋ। ਅਗਰ ਇੱਕ ਗੱਲ ਨੂੰ ਦੂਜੀ ਵਾਰ ਸੁਣ ਲਵੋਗੇ ਤਦ ਕੀ ਹੋ ਜਾਵੇਗਾ। ਸਾਨੂੰ ਚੁਗਲੀ ਨਿੰਦੀਆ ਬਹੁਤ ਵਧੀਆ ਲੱਗਦੀ ਹੈ। ਪਰ ਗੁਰਬਾਣੀ ਬਾਰੇ ਸੋਚਦੇ ਹਾਂ ਕਿ ਕਦੋਂ ਪਾਠ ਜਾਂ ਸਤਿਸੰਗ ਖਤਮ ਹੋਵੇ। ਬਰਾਤ ਵਾਲੇ ਗਾਉਣ

ਵਜਾਉਣ ਵਾਲਿਆਂ ਨੂੰ ਬੜੇ ਪੈਸੇ ਦੇਣਗੇ ਅਤੇ ਨੱਚੀ ਜਾਣਗੇ ਪਰ ਜਦੋਂ ਫੇਰਿਆਂ 'ਤੇ ਜਾਣਗੇ ਕਹਿਣਗੇ ਭਾਈ ਜੀ! ਸ਼ਬਦ ਛੋਟਾ ਪੜ੍ਹਨਾ ਹੈ, ਫੇਰੇ ਫਟਾਫਟ ਕਰਕੇ ਤੋਰਨ ਦੀ ਗੱਲ ਕਰਨੀ ਹੈ। ਆਪਾਂ ਗੁਰੂ ਦੀ ਹਾਜ਼ਰੀ ਵਿੱਚ ਬੈਠਣਾ ਪਸੰਦ ਨਹੀਂ ਕਰਦੇ ਕਿਉਂਕਿ ਸਾਨੂੰ ਗੁਰਬਾਣੀ ਅੱਛੀ ਨਹੀਂ ਲੱਗਦੀ। ਸਾਡਾ ਉਹੋ ਹੀ ਦੋਸਤ ਮਦਦ ਕਰੇਗਾ ਜੋ ਸਾਨੂੰ ਅੱਛਾ ਲਗੇਗਾ। ਇਸ ਤਰ੍ਹਾਂ ਜਦੋਂ ਸਾਨੂੰ ਗੁਰਬਾਣੀ ਅੱਛੀ ਲੱਗਣ ਲੱਗ ਪਈ ਫੇਰ ਜੋ ਮੰਗਾਂਗੇ ਉਹੋ ਹੀ ਮਿਲੇਗਾ ਕਿਉਂਕਿ

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਦੇਵੈ॥*

*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥੨॥*

*(ਅੰਗ 681)*

**ਆਦਿ ਅੰਤਿ ਮਧਿ ਨਾਨਕ ਕਉ**

**ਸੋ ਪ੍ਰਭੁ ਹੋਆ ਬੇਲੀ॥੪॥**

ਹਜ਼ੂਰ ਨੇ ਅਖੀਰ ਵਿੱਚ ਮੋਹਰ ਲਾ ਦਿੱਤੀ ਹੈ, ਸਟੈਂਪ ਲਗਾ ਦਿੱਤੀ ਹੈ, ਨਿਸਤਾਰਾ ਕਰ ਦਿੱਤਾ ਹੈ ਕਿ ਐ ਦੁਨੀਆਂ ਵਾਲਿਉ! ਅੱਜ ਕੋਈ ਪ੍ਰਾਈਮ ਮਨਿਸਟਰ, ਪ੍ਰੈਜ਼ੀਡੈਂਟ ਜਾਂ ਹੋਰ ਕੋਈ ਪ੍ਰਧਾਨ, ਜਾਂ ਅਮਰੀਕਾ, ਕਨੇਡਾ ਦੇ ਚੀਫ਼ ਮਨਿਸਟਰ ਹੋਣਗੇ ਉਹ ਕੱਲ ਸ਼ਾਇਦ ਨਾ ਹੋਣ। ਹੁਣ ਹੈ ਨੇ ਪਰ ਘੜੀ ਕੁ ਤੱਕ ਸ਼ਾਇਦ ਨਾ ਹੋਣ। ਪਰ ਜਿਸ ਤਾਕਤ ਦੀ ਅਸੀਂ ਉਸਤਤਿ ਕਰ ਰਹੇ ਹਾਂ ਉਹ ਆਦਿ ਵਿੱਚ ਵੀ ਉਹੋ ਹੀ ਸੀ ਮਧ ਵਿੱਚ 'ਵੀ ਉਹੋ ਹੀ ਹੈ ਅਤੇ ਅੰਤ ਵਿੱਚ ਉਹੋ ਹੀ ਰਹਿਣੀ ਹੈ।

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ (ਅੰਗ 1)*

ਇਹ ਤਾਕਤ ਮਰਦੀ ਜੰਮਦੀ ਨਹੀਂ ਹੈ ਕਿਤੇ ਜਾਂਦੀ ਨਹੀਂ ਹੈ। ਜਿਸ ਵੀ ਯੁੱਗ ਵਿੱਚ ਸ਼ਰਧਾ ਨਾਲ ਕਿਸੇ ਨੇ ਇਸ ਦੀ ਪੂਜਾ ਜਾਂ ਸਿਮਰਨ ਕੀਤਾ ਹੈ ਉਹ ਬਖਸ਼ਿਆ ਗਿਆ। ਉਹੋ ਹੀ ਸਾਡਾ ਸੱਜਣ ਅਤੇ ਬੇਲੀ ਹੈ ਜੋ ਸਦਾ ਸਾਡੇ ਨਾਲ ਹੈ।

*ਸਤਿਗੁਰੁ ਮੇਰਾ ਸਦਾ ਸਦਾ*

*ਨਾ ਆਵੈ ਨ ਜਾਇ॥*

*ਓਹੁ ਅਬਿਨਾਸੀ ਪੁਰਖੁ ਹੈ*

*ਸਭ ਮਹਿ ਰਹਿਆ ਸਮਾਇ॥੧੩॥ (ਅੰਗ 759)*

*ਤਥਾ*

*ਜਨਮ ਮਰਣ ਦੁਹਹੂ ਮਹਿ ਨਾਹੀ*

*ਜਨ ਪਰਉਪਕਾਰੀ ਆਏ॥*

*ਜੀਅ ਦਾਨੁ ਦੇ ਭਗਤੀ ਲਾਇਨਿ*

*ਹਰਿ ਸਿਉ ਲੈਨਿ ਮਿਲਾਏ॥੨॥ (ਅੰਗ 749)*

ਸਾਧੂ ਦੁਨੀਆਂ ਦੇ ਵਿੱਚ ਹਰੀ ਦੇ ਨਾਲ ਮਿਲਾਪ ਕਰਾਉਣ ਆਉਂਦੇ ਹਨ। ਉਹਨਾਂ ਦਾ ਹੋਰ ਕੋਈ ਲਕਸ਼ ਨਹੀਂ ਹੁੰਦਾ। ਉਹਨਾਂ ਵੱਲੋਂ ਸੇਵਾ ਦਾ ਜੱਗ ਲੱਗਾ ਹੁੰਦਾ ਹੈ, ਭੰਡਾਰੇ ਕਰਦੇ ਹਨ, ਬਿਲਡਿੰਗਾਂ ਬਣਦੀਆਂ ਹਨ, ਲੈਂਟਰ ਪੈਣ ਜਾਂ ਨਾ ਪੈਣ ਉਹਨਾਂ ਨੇ ਸੇਵਾ ਦਾ ਕੁੰਭ ਲਗਾਇਆ ਹੁੰਦਾ ਹੈ। ਉਹ ਸੇਵਾ ਕਰਵਾ ਕੇ ਉਸ ਦਾ ਫਲ ਬਖਸ਼ ਦਿੰਦੇ ਹਨ। ਸਭ ਤੋਂ ਉਤੱਮ ਸੇਵਾ ਸਿਮਰਨ ਦੀ ਹੈ। ਦੋ ਨੰਬਰ ਤੇ ਤਨ ਦੀ ਸੇਵਾ ਹੈ ਅਤੇ ਤੀਸਰੇ ਨੰਬਰ ਤੇ ਧਨ ਦੀ ਸੇਵਾ ਹੈ। ਇੱਥੇ ਹਜ਼ੂਰ ਦੀ ਬਹੁਤ ਬਖਸ਼ਿਸ਼ ਹੈ ਸੰਗਤ ਤਨ ਮਨ ਅਤੇ ਧਨ ਨਾਲ ਵੀ ਬਹੁਤ ਸੇਵਾ ਕਰਦੀ ਹੈ।

ਸੋਈ ਜਿਸ ਵੀ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਮਿਲ ਕੇ ਦਾਸ ਦੇ ਜਨਮ ਦਿਨ ਉੱਤੇ ਯੂਨੀਵਰਸਲ ਐਮਿਟੀ ਡੇ ਮਨਾਉਂਦਿਆਂ ਹੋਇਆਂ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਅਰਦਾਸ ਕਰਕੇ ਪਹਿਲਾਂ ਝੰਡਾ ਲਹਿਰਾਇਆ ਗਿਆ, ਫੇਰ ਖੂਨਦਾਨ ਕੈਂਪ ਸ਼ੁਰੂ ਕੀਤਾ, ਫੇਰ ਆਏ ਹੁਕਮਨਾਮੇ ਤੇ ਯਸ਼ ਵੀ ਹੋਇਆ ਹੈ। ਹਜ਼ੂਰ ਕਿਰਪਾ ਕਰਨ। ਸਾਰੀ ਸੰਗਤ ਨੇ ਜਿਸ ਵੀ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਸਤਿਸੰਗ ਕਰਵਾਏ ਹਨ। ਹਜ਼ੂਰ ਸਭ ਦੀਆਂ ਸ਼ੁੱਭ ਭਾਵਨਾਵਾਂ ਪੂਰਨ ਕਰਨ। ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ ਅਤੇ ਸਾਡੀਆਂ ਸਭ ਦੀਆਂ ਹੋਈਆਂ ਭੁੱਲਾਂ ਨੂੰ ਮਾਫ਼ ਕਰਨ। ਅਸੀਂ ਤੁਹਾਨੂੰ ਇਹੋ ਕਹਿੰਦੇ ਹਾਂ ਕਿ ਅਸੀਂ ਹਮੇਸ਼ਾ ਇਹੋ ਅਰਦਾਸ ਕਰੀਏ ਕਿ ਸੱਚੇ ਪਾਤਿਸ਼ਾਹੋ

*ਵਧੇ ਫੂਲੇ ਤੇ ਰੰਗ ਮਾਣੇ*

*ਸਈਓ ਨੀ ਮੇਰੇ ਸਤਿਗੁਰ ਦੀ ਵਾੜੀ।*

ਅਸੀਂ ਹਮੇਸ਼ਾ ਇਹੋ ਬੇਨਤੀ ਕਰਦੇ ਹਾਂ ਕਿ

*ਦੀਨ ਦਇਆਲ ਭਰੋਸੇ ਤੇਰੇ ॥*

*ਸਭੁ ਪਰਵਾਰੁ ਚੜਾਇਆ ਬੇੜੇ॥੧॥ (ਅੰਗ 337)*

ਹਜ਼ੂਰ ਇਹ ਸਾਰੀ ਸੰਗਤ ਤੁਹਾਡਾ ਪਰਿਵਾਰ ਹੈ। ਹਜ਼ੂਰ ਇਸ ਨੂੰ ਨਾਮ ਦੇ ਬੇੜੇ ਤੇ ਬਿਠਾ ਕੇ ਪਾਰ ਉਤਾਰਾ ਕਰਨ ਅਤੇ ਖੁਸ਼ੀਆਂ ਖੇੜੇ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣੀ।

# ਸਤਿਸੰਗ

**ਬਿਲਾਵਲੁ ਮਹਲਾ ੫ ॥ (ਅੰਗ 808)**

**ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਨੂੰ ਸੋਝੀ ਬਖਸ਼ ਰਹੇ ਹਨ ਕਿ ਐ ਦੁਨੀਆ ਵਾਲਿਉ! ਅਗਰ ਕੋਈ ਲੜਕੀ ਸੁਹਾਗਣ ਹੈ ਤਦ ਉਸ ਦੇ ਮੱਥੇ ਉੱਪਰ ਲਾਲ ਰੰਗ ਭਾਵ ਸਿੰਧੂਰ ਜ਼ਰੂਰ ਲੱਗਾ ਹੋਵੇਗਾ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਲੜਕੀ ਸੁਹਾਗ-ਭਾਗ ਵਾਲੀ ਹੈ ਇਸ ਦੇ ਸਿਰ ਉੱਪਰ ਪਤੀ ਦਾ ਸਾਇਆ ਹੈ। ਅਗਰ ਲੜਕੀ ਨੇ ਸੂਹੇ ਰੰਗ ਦੇ ਕੱਪੜੇ ਪਾਏ ਹਨ ਤਦ ਵੀ ਸਮਝਿਆ ਜਾਂਦਾ ਹੈ ਕਿ ਇਹ ਲੜਕੀ ਖੁਸ਼ੀ ਵਿੱਚ ਹੈ।

ਅਸੀਂ ਅੱਗੇ ਵੀ ਕਈ ਵਾਰ ਮਿਸਾਲ ਦਿੱਤੀ ਹੈ ਕਿ ਇੱਕ ਵਾਰ ਹਨੂੰਮਾਨ ਜੀ ਨੇ ਕੀ ਦੇਖਿਆ ਕਿ ਮਾਤਾ ਸੀਤਾ ਜੀ ਚੀਰ ਵਿੱਚ ਸਿੰਧੂਰ ਲਗਾ ਰਹੇ ਸਨ। ਹਨੂੰਮਾਨ ਜੀ ਨੇ ਪੁੱਛਿਆ ਮਾਤਾ ਜੀ! ਤੁਸੀਂ ਇਹ ਲਾਲ ਰੰਗ ਕਿਉਂ ਲਾਉਂਦੇ ਹੋ? ਮਾਤਾ ਸੀਤਾ ਜੀ ਕੀ ਉੱਤਰ ਦਿੰਦੇ ਕਿ ਮੈਂ ਇਹ ਰੰਗ ਕਿਉਂ ਲਗਾ ਰਹੀ ਹਾਂ? ਉਹਨਾਂ ਨੇ ਕਿਹਾ ਹਨੂੰਮਾਨ! ਇਹ ਰੰਗ ਤੇਰੇ ਪਿਤਾ ਜੀ, ਸ੍ਰੀ ਰਾਮ ਚੰਦਰ ਜੀ ਨੂੰ ਬਹੁਤ ਵਧੀਆ ਲੱਗਦਾ ਹੈ। ਇਸ ਕਰਕੇ ਲਗਾ ਰਹੀ ਹਾਂ। ਤਦ ਹਨੂੰਮਾਨ ਜੀ ਨੇ ਬਜਾਰ ਤੋਂ ਗੇਰੂਆ ਰੰਗ ਲਿਆ ਕੇ ਤੇਲ ਵਿੱਚ ਮਿਲਾ ਲਿਆ ਅਤੇ ਆਪਣੇ ਸਾਰੇ ਸਰੀਰ ਨੂੰ ਗੇਰੂਏ ਰੰਗ ਨਾਲ ਰੰਗ ਲਿਆ। ਜਦੋਂ ਸ੍ਰੀ ਰਾਮ ਚੰਦਰ ਜੀ ਬਾਹਰੋਂ ਆਏ ਤਾਂ ਕੀ ਦੇਖਿਆ ਕਿ ਹਨੂੰਮਾਨ ਜੀ ਲਾਲ ਰੰਗ ਲਗਾ ਕੇ ਰਸਤੇ ਵਿੱਚ ਚੌਂਕੜੀ ਮਾਰ ਕੇ ਬੈਠੇ ਸਨ। ਸ੍ਰੀ ਰਾਮ ਚੰਦਰ ਜੀ ਨੇ ਪੁੱਛਿਆ ਪੁੱਤਰ! ਇਹ ਕੀ ਕੀਤਾ ਹੈ? ਹਨੂੰਮਾਨ ਨੇ ਕਿਹਾ ਮਾਤਾ ਜੀ ਕਹਿੰਦੇ ਸਨ ਕਿ ਤੁਹਾਨੂੰ ਲਾਲ ਰੰਗ ਬਹੁਤ ਸੋਹਣਾ ਲੱਗਦਾ ਹੈ। ਇਸ ਕਰਕੇ ਮੈਂ ਸਾਰੇ ਸਰੀਰ ਉੱਪਰ ਲਾਲ ਰੰਗ ਲਗਾਇਆ ਹੈ। ਸ੍ਰੀ ਰਾਮ ਚੰਦਰ ਜੀ ਮਹਾਰਾਜ ਹੱਸ ਪਏ ਅਤੇ ਫੁਰਮਾਨ ਕੀਤਾ ਅੱਛਾ ਪੁੱਤਰ! ਤੇਰੇ ਭਾਗ।

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਲਾਲ ਰੰਗ ਭਾਗਾਂ ਵਾਲੇ ਜੀਵ ਨੂੰ ਲੱਗਦਾ ਹੈ। ਰੰਗਾਂ ਵਾਲੀ ਹੋਲੀ ਵੀ ਖੁਸ਼ੀ ਵਿੱਚ ਖੇਡੀ ਜਾਂਦੀ ਹੈ। ਸੋਈ ਲਾਲ ਰੰਗ ਖੁਸ਼ੀ ਦਾ ਪੈਗਾਮ ਅਤੇ ਸੰਦੇਸ਼ ਦਿੰਦਾ ਹੈ। ਹੱਥਾਂ ਉੱਪਰ ਮਹਿੰਦੀ ਵੀ ਖੁਸ਼ੀ ਵੇਲੇ ਲਗਾਈ ਜਾਂਦੀ ਹੈ। ਵਿਆਹੀਆਂ ਲੜਕੀਆਂ ਤਾਂ ਲਗਾਉਂਦੀਆਂ ਹਨ ਪਰ ਜਿਨ੍ਹਾਂ ਦੇ ਵਿਆਹ ਨਹੀਂ ਹੋਏ ਹੁੰਦੇ ਉਹ ਵੀ ਲਗਾਉਂਦੀਆਂ ਹੀ ਹਨ ਕਿ ਮੇਰੇ 'ਤੇ ਵੀ ਹਜ਼ੂਰ ਕਿਰਪਾ ਕਰਨ। ਮੇਰਾ ਵੀ ਵਿਆਹ ਹੋਵੇ, ਮੈਨੂੰ ਵੀ ਪਤੀ ਵਧੀਆ ਮਿਲੇ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇਸਤਰੀ ਹੋਵੇ ਜਾਂ ਪੁਰਸ਼ ਹੋਵੇ ਉਸ ਨੂੰ ਲਾਲ ਰੰਗ ਭਾਗਾਂ ਨਾਲ ਲੱਗਦਾ ਹੈ। ਜੋ ਸਿਮਰਨ ਕਰਦੇ ਹਨ ਉਹਨਾਂ ਦੇ ਹੱਥਾਂ ਉੱਪਰ ਲਾਲ ਰੰਗ ਲੱਗ ਜਾਂਦਾ ਹੈ। ਉਹ ਰੰਗ ਬਹੁਤ ਬਖਸ਼ਿਸ਼ ਵਾਲਾ ਹੁੰਦਾ ਹੈ।

**ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥**

ਦੁਨਿਆਵੀ ਰੰਗਾਂ ਉੱਪਰ ਹੋਰ ਕੋਈ ਰੰਗ ਜਾਂ ਹੋਰ ਕੋਈ ਚੀਜ ਲੱਗਣ ਨਾਲ ਡੱਬ ਪੈ ਜਾਂਦੇ ਹਨ। ਪਰ ਗੁਰਬਾਣੀ ਸਦਕਾ ਕਿਸੇ ਜੀਵ ਦੇ ਹੱਥ ਉੱਪਰ ਜੋ ਰੰਗ ਲੱਗਦਾ ਹੈ ਉਸ ਦੇ ਉੱਪਰ ਚਾਹੇ ਹੋਰ ਕੋਈ ਵੀ ਚੀਜ ਲਾ ਲਉ ਨਾ ਤਾਂ ਉਹ ਰੰਗ ਕਿਸੇ ਚੀਜ਼ ਨਾਲ ਉਤਰਦਾ ਹੈ ਅਤੇ ਨਾ ਹੀ ਉਸ ਰੰਗ ਨੂੰ ਕੋਈ ਦਾਗ ਜਾਂ ਡੱਬ ਪੈਂਦਾ ਹੈ। ਸੋਈ ਨਾਮ ਦਾ ਰੰਗ ਬਹੁਤ ਹੀ ਉੱਤਮ ਅਤੇ ਉੱਚਾ ਸੁੱਚਾ ਹੈ। ਉਹ ਉਸੇ ਜੀਵ ਨੂੰ ਲੱਗਦਾ ਹੈ ਜਿਸ ਉੱਪਰ ਹਜ਼ੂਰ ਕਿਰਪਾ ਕਰਦੇ ਹਨ। ਆਮ ਤੌਰ ਤੇ ਤੁਸੀਂ ਦੇਖਿਆ ਹੋਵੇਗਾ ਕਿ ਸਵੇਰੇ ਅਖਬਾਰ ਪੜ੍ਹਦਿਆਂ ਅਖਬਾਰ ਦੀ ਸਿਆਹੀ ਦਾ ਰੰਗ ਹੱਥਾਂ ਉੱਪਰ ਲੱਗ ਜਾਂਦਾ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਨਾਮ ਦੇ ਰੰਗ ਦਾ ਕਿਤੇ ਦਾਗ ਨਹੀਂ ਪੈਂਦਾ ਉਹ ਬਹੁਤ ਸਥਿਰ ਹੁੰਦਾ ਹੈ।

**ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥**

ਪ੍ਰਭੂ ਦੀ ਕਿਰਪਾ ਨਾਲ ਹੀ ਇਸ ਲਾਲ ਰੰਗ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੇ ਇਹ ਰੰਗ ਲੱਗਦਾ ਹੈ ਉਸ ਨੂੰ ਚਾਹੀਦਾ ਹੈ ਕਿ ਕਿਸੇ ਨੂੰ ਦੱਸੇ ਨਾ। ਅਗਰ ਤੁਹਾਡੇ ਕੋਲੋਂ ਬਿਨਾਂ ਦੱਸਿਆਂ ਰਿਹਾ ਨਹੀਂ ਜਾਂਦਾ ਤਦ ਤੁਸੀਂ ਸਾਨੂੰ ਟੈਲੀਫੋਨ 'ਤੇ ਜਾਂ ਚਿੱਠੀ ਲਿਖ ਕੇ ਦੱਸ ਸਕਦੇ ਹੋ। ਤੁਸੀਂ ਜਦੋਂ ਰਾਤ ਨੂੰ ਸਿਮਰਨ ਕਰਕੇ ਸਵੇਰੇ ਸਹਿਜ ਸੁਭਾਅ ਉਠੋਗੇ ਤਦ ਤੁਹਾਡੇ ਹੱਥ ਉੱਪਰ ਉਹ ਰੰਗ ਲੱਗਾ ਹੋਵੇਗਾ। ਉਹ ਸਿੰਧੂਰ ਲੱਗਾ ਹੋਵੇਗਾ। ਉਸ ਦਾ ਲਕਸ਼ ਇਹ ਹੈ ਕਿ ਉਸ ਅਕਾਲ ਪੁਰਖ ਵਾਹਿਗੁਰੂ ਨੇ ਤੁਹਾਨੂੰ ਆਪਣੀ ਸੇਵਿਕਾ, ਆਪਣਾ ਬੱਚਾ ਬਣਾ ਲਿਆ ਹੈ। ਪਰ ਇਹ ਰੰਗ ਯਤਨ ਕਰਨ ਨਾਲ ਨਹੀਂ ਲੱਗਦਾ ਸਗੋਂ ਸਹਿਜ ਸੁਭਾਅ ਹੀ ਇਸ ਰੰਗ ਦੀ ਪ੍ਰਾਪਤੀ ਹੁੰਦੀ ਹੈ।

**ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ ॥**

ਜਿਸ ਨੂੰ ਸਹਿਜ ਅਵਸਥਾ ਵਿੱਚ ਰੰਗ ਲੱਗਦਾ ਹੈ, ਉਸ ਦੇ ਅੰਦਰ ਐਨੀ ਖੁਸ਼ੀ, ਐਨਾ ਚਾਅ, ਐਨਾ ਖੇੜਾ ਹੁੰਦਾ ਹੈ, ਉਲ੍ਹਾਸ ਹੁੰਦਾ ਹੈ ਕਿ ਉਸ ਦੇ ਅੰਦਰੋਂ ਹਰ ਤਰਫ਼ ਤੋਂ ਖੁਸ਼ੀਆਂ ਅਤੇ ਖੇੜੇ

ਬਾਹਰ ਨਿਕਲਦੇ ਹਨ। ਤਦ ਜੀਵ ਹੋਰ ਸਿਮਰਨ ਕਰਕੇ ਖੁਸ਼ ਹੁੰਦਾ ਹੈ ਕਿ ਮਾਲਿਕ ਮੇਰੇ ਉੱਪਰ ਹੋਰ ਕਿਰਪਾ ਕਰਨ।

**ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥**

ਅਸੀਂ ਅਖਬਾਰਾਂ ਵਿੱਚ ਪੜ੍ਹਦੇ ਹਾਂ, ਕੱਲ ਵੀ ਪੜ੍ਹਿਆ ਸੀ ਕਿ ਪਰਿਵਾਰ ਦੇ ਛੇ ਜੀਵ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾ ਰਹੇ ਸੀ। ਕਾਰ ਕਿਸੇ ਟਰੱਕ ਵਿੱਚ ਵੱਜੀ। ਦੋ ਬੇਟੀਆਂ, ਦੋ ਭਣੇਵੇਂ, ਇੱਕ ਪੁੱਤਰ ਅਤੇ ਇੱਕ ਉਹ ਜੀਵ ਆਪ ਸੀ ਉਹ ਛੇ ਦੇ ਛੇ ਉਸੇ ਥਾਂ ਹੀ ਖਤਮ ਹੋ ਗਏ। ਜਿਸ ਜੀਵ ਦੇ ਹੱਥ ਉੱਪਰ ਇਸ ਤਰ੍ਹਾਂ ਦਾ ਰੰਗ ਲੱਗ ਜਾਂਦਾ ਹੈ। ਕਾਲ ਉਸ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ। ਉਹ ਮੌਤ ਆਉਣ ਤੇ ਤਾਂ ਮਰੇਗਾ। ਪਰ ਉਸ ਉੱਪਰ ਹੋਰ ਕੋਈ ਐਕਸ਼ਨ ਨਹੀਂ ਹੋ ਸਕਦਾ। ਉਹ ਜੀਵ ਡੁੱਬ ਕੇ ਜਾਂ ਸੜ ਕੇ ਜਾਂ ਐਕਸੀਡੈਂਟ ਨਾਲ ਨਹੀਂ ਮਰ ਸਕਦਾ। ਮਾਲਿਕ ਉਸ ਨੂੰ ਐਸੇ ਦੁੱਖ ਤੋਂ ਬਚਾ ਕੇ ਰੱਖਦੇ ਹਨ। ਐਸਾ ਨਹੀਂ ਕਿ ਉਸ ਨੂੰ ਦੁੱਖ ਲੱਗਦਾ ਨਹੀਂ ਹੈ। ਜੇ ਦੁੱਖ ਲੱਗਦਾ ਹੈ ਤਾਂ ਹਜ਼ੂਰ ਹੱਥ ਦੇ ਕੇ ਰੱਖਿਆ ਕਰ ਲੈਂਦੇ ਹਨ।

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥੨॥**

ਫੇਰ ਇਸ ਤੋਂ ਅਗਲੀ ਅਵਸਥਾ ਅੰਮ੍ਰਿਤ ਦੀ ਆਉਂਦੀ ਹੈ।

*ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ (ਅੰਗ 102)*

ਇੱਕ ਦੁਨਿਆਵੀ ਤੌਰ ਤੇ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ। ਕੋਈ ਹਰਿਦੁਆਰ, ਕਾਂਸ਼ੀ, ਮਥੁਰਾ ਤੋਂ ਅੰਮ੍ਰਿਤ ਲਿਆਉਂਦੇ ਹਨ। ਪਰ ਇੱਕ ਅੰਦਰ ਅੰਮ੍ਰਿਤ ਦੀ ਬੂੰਦ ਦੀ ਪ੍ਰਾਪਤੀ ਹੁੰਦੀ ਹੈ।

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*(ਅੰਗ 134)*

ਤਥਾ

*ਅੱਠੇ ਪਹਿਰ ਮਹਲ ਵਿਚ ਚਾਨਣ ਜਗਣ ਪ੍ਰੇਮ ਦੇ ਦੀਵੇ।*
*ਨਾਨਕ ਦੇ ਘਰ ਅੰਮ੍ਰਿਤ ਵਰਸੇ ਵਿਰਲਾ ਗੁਰਮੁਖਿ ਪੀਵੇ।*

ਜਿਸ ਤਰ੍ਹਾਂ ਸ਼ਹਿਦ ਦੀ ਬੂੰਦ ਡਿੱਗਦੀ ਹੈ ਇਸ ਤਰ੍ਹਾਂ ਇਨਸਾਨ ਦੀ ਜੁਬਾਨ ਤੇ ਇੱਕ ਮਿਠਾਸ ਡਿੱਗਦੀ ਹੈ। ਉਸ ਨੂੰ ਅੰਮ੍ਰਿਤ ਕਿਹਾ ਗਿਆ ਹੈ। ਫੇਰ ਉਸ ਬੂੰਦ ਦੀ ਪ੍ਰਾਪਤੀ ਤੋਂ ਬਾਅਦ ਜੀਵ ਦੀ ਹਰ ਪ੍ਰਕਾਰ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਉਹ ਜੀਵ ਅਗਰ ਗ੍ਰਿਹਸਤ ਨਾ ਭੋਗੇ, ਰੋਟੀ ਨਾ ਖਾਵੇ, ਪਾਣੀ ਨਾ ਪੀਵੇ ਉਸ ਨੂੰ ਭੁੱਖ ਜਾਂ ਪਿਆਸ ਨਹੀਂ ਲੱਗ ਸਕਦੀ। ਉਹ ਜਿੰਨਾ ਚਿਰ ਮਰਜੀ ਜਿਉਂਦਿਆਂ ਜੀਵਨ ਵਿੱਚ ਵਿਚਰੇ ਉਸ ਨੂੰ ਕੋਈ ਭੁੱਖ ਜਾਂ ਪਿਆਸ ਨਹੀਂ ਲੱਗ ਸਕਦੀ। ਇਸ ਤੋਂ ਵੱਡੀ ਦੁਨੀਆਂ ਵਿੱਚ ਹੋਰ ਕੋਈ ਬਖਸ਼ਿਸ਼ ਨਹੀਂ ਹੈ।

ਪਰ ਇਸ ਰੰਗ ਅਤੇ ਅੰਮ੍ਰਿਤ ਦੇ ਵਿਚਕਾਰ ਇੱਕ ਚੀਜ ਹੋਰ ਵੀ ਹੈ। ਤੁਸੀਂ ਟੀ.ਵੀ. ਉੱਪਰ ਦੇਖਿਆ ਹੋਵੇਗਾ ਕਿ ਇਕ ਸਾਧੂ ਹੈ। ਉਹ 65 ਸਾਲ ਤੋਂ ਕੁਝ ਨਹੀਂ ਖਾ ਰਿਹਾ। ਉਸਦੇ ਸਰੀਰ ਵਿੱਚ ਮਣੀ ਪੈਦਾ ਹੁੰਦੀ ਹੈ। ਮਣੀ ਅਰਥਾਤ ਇੱਕ ਤਰ੍ਹਾਂ ਦੀ ਰੋਸ਼ਨੀ ਜੋ ਗਿੱਟੇ ਤੋਂ ਸ਼ੁਰੂ ਹੋ ਕੇ ਮਸਤਕ ਤੱਕ ਆ ਜਾਂਦੀ ਹੈ। ਮੀਡੀਆ ਵਾਲਿਆਂ ਨੇ ਉਸ ਦੇ ਚਾਰ ਚੁਫੇਰੇ ਕੈਮਰੇ ਲਗਾ ਰੱਖੇ ਹਨ। ਉਹ ਕੁਝ ਵੀ ਖਾ ਜਾਂ ਪੀ ਨਹੀਂ ਰਿਹਾ। ਪਰ ਉਹ ਬਿਲਕੁੱਲ ਠੀਕ-ਠਾਕ ਹੈ। ਰੰਗ ਲੱਗਣ ਤੋਂ ਬਾਅਦ ਜੀਵ ਦੇ ਅੰਦਰ ਐਸੀ ਸ਼ਕਤੀ ਪੈਦਾ ਹੋ ਜਾਂਦੀ ਹੈ ਕਿ ਉਸ ਨੂੰ ਭੁੱਖ ਜਾਂ ਪਿਆਸ ਨਹੀਂ ਲੱਗਦੀ। ਉਸ ਤੋਂ ਬਾਅਦ ਅੰਮ੍ਰਿਤ ਦੀ ਬੂੰਦ ਡਿੱਗਦੀ ਹੈ। ਇਸ ਤਰ੍ਹਾਂ ਦੀਆਂ ਸਟੇਜਾਂ ਭਗਤੀ ਵਿੱਚ ਆਉਂਦੀਆਂ ਹਨ।

**ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥**

ਉਸ ਅੰਮ੍ਰਿਤ ਦੀ ਬੂੰਦ ਦਾ ਸੁਆਦ ਉਹੋ ਹੀ ਦੱਸ ਸਕਦਾ ਹੈ ਜਿਸ ਨੇ ਉਸ ਨੂੰ ਚਖਿਆ ਹੈ। ਜਿਸ ਤਰ੍ਹਾਂ ਗੂੰਗਾ ਮਠਿਆਈ ਖਾ ਕੇ ਸੁਆਦ ਨਹੀਂ ਦੱਸ ਸਕਦਾ ਇਸ ਤਰ੍ਹਾਂ ਉਹ ਅਮੁੱਲ ਰਤਨ ਹੈ ਉਸ ਦੀ ਕੋਈ ਵਿਆਖਿਆ ਨਹੀਂ ਕਰ ਸਕਦਾ। ਸਾਡੇ ਕੋਲ ਇੱਕ ਭਾਈ ਦਲੀਪ ਸਿੰਘ ਮਿਸਤਰੀ ਹੁੰਦੇ ਸੀ ਜੋ ਕਿ ਪਾਠੀ ਵੀ ਸਨ। ਉਹਨਾਂ ਨੇ ਆ ਕੇ ਦੱਸਿਆ ਕਿ ਸਾਡੇ ਇਸ ਤਰ੍ਹਾਂ ਬੂੰਦ ਡਿੱਗੀ ਹੈ ਅਤੇ ਸਾਨੂੰ ਅੱਠ ਦਸ ਦਿਨ ਖਾਧੇ ਪੀਤੇ ਨੂੰ ਹੋ ਗਏ ਹਨ ਪਰ ਮੈਂ ਦੱਸ ਬੈਠਾ ਹਾਂ। ਅਸੀਂ ਕਿਹਾ ਤੂੰ ਬਹੁਤ ਮਾੜਾ ਕੀਤਾ ਹੈ ਤੂੰ ਦੱਸਣਾ ਨਹੀਂ ਸੀ। ਤੂੰ ਹੁਣ ਦੱਸ ਦਿੱਤਾ ਹੈ ਹੁਣ ਤੈਨੂੰ ਭੁੱਖ ਲੱਗ ਜਾਣੀ ਹੈ। ਉਹ ਦਸ ਪੰਦਰਾਂ ਮਿੰਟਾਂ ਬਾਅਦ ਆ ਕੇ ਸਾਨੂੰ ਕਹਿਣ ਲੱਗਾ ਜੀ! ਮੈਨੂੰ ਹੁਣ ਭੁੱਖ ਬਹੁਤ ਤੰਗ ਕਰ ਰਹੀ ਹੈ। ਹੁਣ ਮੇਰੇ ਕੋਲੋਂ ਰੋਟੀ ਖਾਧੇ ਬਿਨਾਂ ਰਿਹਾ ਨਹੀਂ ਜਾ ਰਿਹਾ। ਐਸੀ ਦਸ਼ਾ ਬਾਰੇ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਜਿਨੀ ਪਾਇਆ ਤਿਨੀ ਛੁਪਾਇਆ।*

ਅਗਰ ਕਿਸੇ ਉੱਪਰ ਐਸੀ ਬਖਸ਼ਿਸ਼ ਹੋ ਜਾਂਦੀ ਹੈ ਤਦ ਦੱਸਣਾ ਨਹੀਂ ਚਾਹੀਦਾ। ਪਰ ਐਸੀ ਦਾਤ ਛੁਪਦੀ ਨਹੀਂ ਹੈ।

*ਐਸਾ ਨਾਮੁ ਰਤਨੁ ਨਿਰਮੋਲਕੁ*
*ਪੁੰਨਿ ਪਦਾਰਥ ਪਾਇਆ॥*
*ਅਨਿਕ ਜਤਨ ਕਰਿ ਹਿਰਦੈ ਰਾਖਿਆ*
*ਰਤਨੁ ਨ ਛਪੈ ਛਪਾਇਆ॥ (ਅੰਗ 659)*

ਐਸੀ ਖੁਸ਼ੀ ਜੀਵ ਤੋਂ ਬਰਦਾਸ਼ਤ ਨਹੀਂ ਹੁੰਦੀ। ਉਹੋ ਜੀਵ ਹੀ ਬਰਦਾਸ਼ਤ ਕਰ ਸਕਦਾ ਹੈ ਜਿਸ ਨੇ ਸਿਮਰਨ ਕਰਕੇ ਆਪਣਾ ਜੀਵਨ ਉਸ ਮਾਲਿਕ ਦੇ ਰੰਗ ਵਿੱਚ ਢਾਲ ਲਿਆ ਹੋਵੇ। ਉਹ ਦਾਤ ਅਮੁੱਲ ਹੈ। ਉਹ ਪੈਸੇ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਉਹ ਬਖਸ਼ਿਸ਼ ਦੁਆਰਾ ਪ੍ਰਾਪਤ ਹੋ ਸਕਦੀ ਹੈ। ਸਿਮਰਨ

ਦੁਆਰਾ ਪ੍ਰਾਪਤ ਹੋ ਸਕਦੀ ਹੈ।

*ਸਾਚ ਕਹੁੰ ਸੁਨ ਲੇਹ ਸਭੈ*
*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ॥*

**ਕੀਮਤਿ ਕਹੀ ਨ ਜਾਈਐ**
**ਕਿਆ ਕਹਿ ਮੁਖਿ ਬੋਲਾ ॥੩॥**

ਉਸ ਰਹਿਮਤ ਦੀ ਕੀਮਤ ਜ਼ੁਬਾਨ ਦੁਆਰਾ ਵਰਣਨ ਨਹੀਂ ਕੀਤੀ ਜਾ ਸਕਦੀ ਜੋ ਅਸੀਂ ਕਹਿ ਦੇਈਏ ਕਿ ਅਸੰਖ ਡਾਲਰ ਜਾਂ ਅਸੰਖ ਕੁਇੰਟਲ ਸੋਨਾ ਜਾਂ ਹੀਰਾ ਦੇ ਕੇ ਮਿਲ ਸਕਦੀ ਹੈ।

**ਸਫਲ ਦਰਸੁ ਤੇਰਾ ਪਾਰਬ੍ਰਹਮ**
**ਗੁਣ ਨਿਧਿ ਤੇਰੀ ਬਾਣੀ॥**

ਐਸੀ ਬਖਸ਼ਿਸ਼ ਪਾਰਬ੍ਰਹਮ ਦੇ ਦਰਸ਼ਨਾਂ ਤੋਂ ਪ੍ਰਾਪਤ ਹੁੰਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਸ ਜੀਵ ਦਾ ਜਨਮ ਸਫਲ ਹੋ ਜਾਂਦਾ ਹੈ ਅਤੇ ਉਹ ਜਦੋਂ ਵੀ ਅੱਖਾਂ ਬੰਦ ਕਰਦਾ ਹੈ ਉਸ ਨੂੰ ਪਾਰਬ੍ਰਹਮ ਦੇ ਦਰਸ਼ਨ ਹੁੰਦੇ ਹਨ।

**ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥**

ਮੈਨੂੰ ਐਸਾ ਗੁਰੂ ਪਿਆਰਾ ਅਤੇ ਗੁਰਸਿੱਖ ਮਿਲੇ ਉਸ ਦੇ ਚਰਨਾਂ ਦੀ ਧੂੜ ਮਸਤਕ ਉੱਪਰ ਲਾਵਾਂ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਉਸ ਸੁਰਤ ਅਤੇ ਗੁਰਸਿੱਖ ਤੋਂ ਅਸੀਂ ਸਦਾ ਕੁਰਬਾਨ ਜਾਈਏ ਜਿਸ ਉੱਪਰ ਐਸੀ ਬਖਸ਼ਿਸ਼ ਹੋ ਜਾਂਦੀ ਹੈ।

# ਸਤਿਸੰਗ

**ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ (ਅੰਗ 989)**

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**॥ ਸਲੋਕੁ ॥**

**ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ।

ਜਿਸ ਲੜਕੀ ਨੇ ਹੁਕਮਨਾਮਾ ਕੱਢਿਆ ਹੈ। ਇਹ ਠੀਕ ਨਹੀਂ ਰਹਿੰਦੀ। ਇਸ ਨੂੰ ਸਭ ਤੋਂ ਵੱਡੀ ਤਕਲੀਫ਼ ਗੰਠੀਏ ਦੀ ਹੈ। ਗੰਠੀਏ ਨਾਲ ਸਰੀਰ ਜਕੜਿਆ ਜਾਂਦਾ ਹੈ। ਡਾਕਟਰੀ ਇਲਾਜ ਵਿੱਚ ਵੀ ਇਸ ਦਾ ਕੋਈ ਸਮਾਧਾਨ ਨਹੀਂ ਹੈ। ਹਜ਼ੂਰ ਦੀ ਵਡਿਆਈ ਹੈ ਸਾਨੂੰ ਹਜ਼ੂਰ ਨੇ ਇਸ ਬਾਰੇ ਸੋਝੀ ਬਖਸ਼ੀ ਹੈ। ਅਸੀਂ ਹਜ਼ੂਰ ਦੇ ਦਰਬਾਰ ਵਿੱਚ ਵੀ ਇਸ ਬਾਰੇ ਕਈਆਂ ਨੂੰ ਦੱਸਿਆ ਸੀ ਕਿ ਜਿਹਨਾਂ ਬੇਟੀਆਂ ਨੂੰ ਇਸ ਤਰ੍ਹਾਂ ਗੰਠੀਆ ਹੋ ਜਾਂਦਾ ਹੈ ਜੋ ਔਰਤਾਂ ਦੇ ਮਾਹਿਰ (ਗਾਈਨੀਕੋਲੋਜਿਸਟ) ਡਾਕਟਰ ਲੜਕੀਆਂ ਜਾਂ ਪੁਰਸ਼ ਹਨ, ਉਹਨਾਂ ਤੋਂ ਦਵਾਈ ਲਉ। ਕੁਝ ਐਸੀਆਂ ਦਵਾਈਆਂ ਹਨ ਜਿਨ੍ਹਾਂ ਨਾਲ ਔਰਤ ਗਰਭ ਧਾਰਨ ਕਰ ਸਕਦੀ ਹੈ। ਡਾਕਟਰ ਉਸ ਨੂੰ ਕੁਝ ਦਿਨਾਂ ਦੀ ਦਵਾਈ ਦਿੰਦੇ ਹਨ ਕਿ ਐਨੇ ਦਿਨ ਬਾਅਦ ਤੁਸੀਂ ਗ੍ਰਿਹਸਤ ਭੋਗੋ। ਤੁਹਾਡੀ ਮੁਰਾਦ ਪੂਰੀ ਹੋ ਸਕਦੀ ਹੈ। ਫੇਰ ਜਿਹੜੀ ਲੜਕੀ ਗਰਭਵਤੀ ਹੋ ਜਾਵੇ ਉਸ ਨੂੰ ਗੰਠੀਏ ਤੋਂ 100% ਆਰਾਮ ਆ ਜਾਂਦਾ ਹੈ। ਕਿਉਂਕਿ ਜਿਹੜੀ ਉਸ ਲੜਕੀ ਦੇ ਅੰਦਰ ਔਲ ਹੁੰਦੀ ਹੈ। ਔਲ ਇੱਕ ਝਿੱਲੀ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਬੱਚਾ ਇੱਕ ਲੋਥੜੇ ਦੇ ਰੂਪ ਵਿੱਚ ਲਪੇਟਿਆ ਹੁੰਦਾ ਹੈ। ਉਸ ਦੀ ਬੂ ਨਾਲ ਸਰੀਰ ਵਿੱਚੋਂ ਗੰਠੀਆ ਗਾਇਬ ਹੋ ਜਾਂਦਾ ਹੈ। ਫੇਰ ਉਸ ਲੜਕੀ ਨੂੰ ਗੰਠੀਆ ਨਹੀਂ ਰਹਿੰਦਾ। ਜਿਸ ਤਰ੍ਹਾਂ ਬਹੁਤ ਸਾਰੀਆਂ ਪਾਣੀ ਦੀਆਂ ਰਸੌਲੀਆਂ ਹੁੰਦੀਆਂ ਹਨ ਜਿਸ ਬਾਰੇ ਡਾਕਟਰ ਵੀ ਦੱਸਦੇ ਹਨ। ਅਗਰ ਕਿਸੇ ਲੜਕੀ ਨੂੰ ਇਹ ਤਕਲੀਫ ਹੈ ਉਹ ਲੜਕੀ ਵੀ ਅਗਰ ਕਿਤੇ ਗਰਭਵਤੀ ਹੋ ਜਾਵੇ ਤਦ ਉਸ ਦੇ ਸਰੀਰ ਵਿੱਚੋਂ ਪਾਣੀ ਵਾਲੀਆਂ ਰਸੌਲੀਆਂ ਆਪਣੇ ਆਪ ਬਣਨੀਆਂ ਬੰਦ ਹੋ ਜਾਂਦੀਆਂ ਹਨ। ਵਰਨਾ ਉਹਨਾਂ ਦਾ ਜਿੰਨੀ ਵਾਰ ਮਰਜੀ ਅਪਰੇਸ਼ਨ ਕਰਵਾਈ ਜਾਵੋ ਉਹ ਦੁਬਾਰਾ ਬਣ ਜਾਂਦੀਆਂ ਹਨ। ਇਹ ਕੁਝ God gifted ਚੀਜ਼ਾਂ ਹਨ। ਭਗਵਾਨ ਨੇ ਐਸੀ ਬਖਸ਼ਿਸ਼ ਕੀਤੀ ਹੁੰਦੀ ਹੈ ਕਿ ਜੀਵ ਨੂੰ ਆਪਣੇ ਆਪ ਆਰਾਮ ਆ ਜਾਂਦਾ ਹੈ। ਇਸ ਵਾਸਤੇ ਬਹੁਤ ਸਾਰੇ ਯਤਨ ਕੀਤੇ ਜਾ ਸਕਦੇ ਹਨ। ਅੱਛੇ-ਅੱਛੇ ਮਾਹਿਰ ਡਾਕਟਰਾਂ ਨੂੰ ਮਿਲਿਆ ਜਾ ਸਕਦਾ ਹੈ। ਸੋਈ ਜੋ ਇਸ ਬੀਮਾਰੀ ਤੋਂ ਪੀੜਤ ਹਨ ਅਗਰ ਉਹ ਯਤਨ ਕਰਨ ਤਦ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਹ ਮਾਲਿਕ ਦੀ ਕਿਰਪਾ ਨਾਲ ਤੰਦਰੁਸਤ ਹੋ ਸਕਦੇ ਹਨ। ਹਜ਼ੂਰ ਨੇ ਹੀ ਸਭ ਕੁਝ ਕਰਨਾ ਹੈ। ਅਸੀਂ ਕੇਵਲ ਦੱਸਣਾ ਹੀ ਹੈ।

*ਮੈਂ ਬਲਿਹਾਰੇ ਜਾਵਾ*

*ਰਾਮ ਮਨਾ ਲਿਆ ਧੰਨੇ।*

*ਬੇਹੀ ਬੇਹੀ ਰੋਟੀ ਅੰਬ ਅਚਾਰੀ*

*ਛਾਹ ਪਿਲਾਈ ਵਿੱਚ ਛੰਨੇ।*

*ਉਹਨਾਂ ਨਾਲ ਸ਼ਰਾਕਤ ਕਾਹਦੀ*

*ਸਾਹਿਬ ਜਿਹਨਾਂ ਦੀਆਂ ਮੰਨੇ।*

ਹਜ਼ੂਰ ਜਿਸ ਦੀ ਮੰਨ ਲੈਣ ਉਸੇ ਦੀ ਵਡਿਆਈ ਹੈ। ਚਾਹੇ ਕਿਸੇ ਦੇ ਤਿੰਨ-ਚਾਰ ਬੱਚੇ ਹੋਣ। ਇੱਕ ਬੱਚਾ ਮਾਤਾ ਪਿਤਾ ਕੋਲੋਂ ਲਾਡ ਨਾਲ ਬਹੁਤੀਆਂ ਚੀਜਾਂ ਮੰਗ ਕੇ ਲੈ ਲੈਂਦਾ ਹੈ। ਇੱਕ ਨੂੰ ਮਾਪੇ ਕੁਛ ਦਿੰਦੇ ਹੀ ਨਹੀਂ ਹਨ। ਇਹ ਤਰੀਕਾ ਹੈ। ਅਸੀਂ ਅਰਦਾਸ ਕਰਦੇ ਹਾਂ ਤੁਸੀਂ ਯਤਨ ਕਰੋ। ਜਿਹੜੇ ਇਸ ਤਰ੍ਹਾਂ ਦੇ ਬੀਮਾਰ ਅਤੇ ਦੁਖੀ ਲੋਕ ਹਨ ਉਹ ਬਚਨ ਮੰਨ ਕੇ ਯਤਨ ਕਰੋਗੇ ਤਦ ਮਾਲਿਕ ਉਹਨਾਂ ਨੂੰ ਤੰਦਰੁਸਤੀ ਬਖਸ਼ਣਗੇ। ਅਸੀਂ ਤੁਹਾਨੂੰ ਇਹ ਜੁਗਤੀ ਦੱਸੀ ਹੈ ਕਿਉਂਕਿ

*ਮੇਰਾ ਬੈਦੁ ਗੁਰੂ ਗੋਵਿੰਦਾ॥ (ਅੰਗ 618)*

ਇਹ ਗੁਰਬਾਣੀ ਡਾਕਟਰ ਵੀ ਹੈ। ਜੇਕਰ ਇਸ ਨੂੰ ਡਾਕਟਰ ਸਮਝ ਕੇ ਮੰਨਿਆ ਜਾਵੇ ਤਦ ਵੀ ਬਹੁਤ ਸਾਰੇ ਰੋਗ ਕੱਟੇ ਜਾਂਦੇ ਹਨ।

ਹੁਣ ਹਜ਼ੂਰ ਪਹਿਲੇ ਪਾਤਿਸ਼ਾਹ ਜੋ ਭੇਦ ਬਖਸ਼ ਰਹੇ ਹਨ ਉਹ ਵੀ ਧਿਆਨ ਨਾਲ ਸਰਵਣ ਕਰੀਏ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ

**ੴ**—ਉਹ ਤਾਕਤ ਇੱਕ ਹੈ।

**ਸਤਿਨਾਮੁ**—ਉਸ ਦਾ ਨਾਮ ਸੱਚਾ ਹੈ ਅਰਥਾਤ ਸਤਿ ਹੈ।

**ਕਰਤਾ ਪੁਰਖੁ**—ਉਹੋ ਹੀ ਕਰਤਾ ਹੈ।

**ਨਿਰਭਉ**—ਉਹ ਨਿਰਭਉ ਅਰਥਾਤ ਭੈ ਤੋਂ ਰਹਿਤ ਹੈ।

**ਨਿਰਵੈਰੁ**—ਉਸ ਦਾ ਕਿਸੇ ਨਾਲ ਵੈਰ ਨਹੀਂ ਹੈ।

**ਅਕਾਲ ਮੂਰਤ**—ਉਹ ਤਾਕਤ ਕਾਲ ਤੋਂ ਮੁਕਤ ਹੈ।

**ਅਜੂਨੀ**—ਉਹ ਕਿਸੇ ਜੂਨੀ ਵਿੱਚ ਨਹੀਂ ਆਉਂਦੀ।

**ਸੈਭੰ**—ਉਸ ਦੀ ਕੋਈ ਸਥਾਪਨਾ ਨਹੀਂ ਕਰਦਾ, ਉਸ ਨੂੰ ਕੋਈ ਚੁਣਦਾ ਨਹੀਂ ਹੈ। ਉਹ ਪ੍ਰਗਟ ਹੁੰਦੀ ਹੈ।

**ਗੁਰਪ੍ਰਸਾਦਿ**—ਜੋ ਗੁਰਬਾਣੀ ਨੂੰ ਸਤਿ ਕਰਕੇ ਮੰਨਦੇ ਹਨ। ਗੁਰਬਾਣੀ ਉਹਨਾਂ ਉੱਪਰ ਬਖਸ਼ਿਸ਼ ਕਰਦੀ ਹੈ। ਹੁਣ ਜਿਸ ਤਰ੍ਹਾਂ ਅਸੀਂ ਤੁਹਾਨੂੰ ਦੱਸਿਆ ਹੈ ਕਿ ਗੰਠੀਆ ਤੋਂ ਮੁਕਤ ਹੋਣ ਦਾ ਇਹ ਤਰੀਕਾ ਹੋ ਸਕਦਾ ਹੈ। ਅਗਰ ਤੁਹਾਡੇ ਮਨ ਵਿੱਚ ਵਿਸ਼ਵਾਸ ਆ ਗਿਆ, ਅਤੇ ਤੁਸੀਂ ਆਪਣੇ ਵਿਸ਼ਵਾਸ ਨੂੰ ਹੋਰ ਪੱਕਾ ਕਰਨਾ ਹੈ ਤਦ ਡਾਕਟਰ ਨੂੰ ਪੁੱਛ ਲਉ। ਉਹ 100% ਹਾਮੀ ਭਰਨਗੇ ਕਿ ਇਹ ਗੱਲ ਠੀਕ ਹੈ। ਜੇਕਰ ਮਨ ਵਿੱਚ ਸ਼ਰਧਾ ਰੱਖ ਕੇ ਇਲਾਜ ਕਰੋਗੇ ਫੇਰ ਵੀ ਠੀਕ ਹੋ ਜਾਵੋਗੇ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਗੁਰਬਾਣੀ ਦੀ ਬਹੁਤ ਕਥਾ ਅਤੇ ਸਤਿਸੰਗ ਸੁਣਦਾ ਹਾਂ ਪਰ ਮੈਂ ਮਨ ਵਿੱਚੋਂ ਵਿਸਾਰ ਦਿੰਦਾ ਹਾਂ। ਮੈਂ ਭੁੱਲ ਜਾਂਦਾ ਹਾਂ। ਮੈਂ ਸੋਚਦਾ ਹਾਂ ਕਿ ਕੋਈ ਗੱਲ ਨਹੀਂ ਪਤਾ ਨਹੀਂ ਇੰਝ ਹੋਣਾ ਹੈ ਜਾਂ ਨਹੀਂ। ਹਜ਼ੂਰ ਮੇਰੇ ਉੱਪਰ ਬਖਸ਼ਿਸ਼ ਕਰੋ ਮੈਂ ਤੁਹਾਡੇ ਬਚਨਾਂ ਉੱਪਰ ਕਾਇਮ ਰਹਾਂ। ਮੈਂ ਤੁਹਾਡੇ ਬਚਨਾਂ ਨੂੰ ਸੱਚ ਕਰ ਕੇ ਮੰਨਾਂ। ਜਿਸ ਤਰ੍ਹਾਂ ਧੂੜ ਬਣ ਜਾਈਦਾ ਹੈ ਬਿਲਕੁੱਲ ਮਹੀਨ ਹੋ ਕੇ ਨਾਲ ਜੁੜ ਜਾਈਦਾ ਹੈ ਇਸ ਤਰ੍ਹਾਂ ਮੈਂ ਤੁਹਾਡੇ ਬਚਨਾਂ ਨਾਲ ਜੁੜਾਂ।

**ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥**

ਸੱਚੇ ਪਾਤਿਸ਼ਾਹੋ! ਮੈਂ ਤੁਹਾਡੀ ਸ਼ਰਨ ਵਿੱਚ ਐਨਾ ਦ੍ਰਿੜ, ਪੱਕਾ ਹੋ ਜਾਵਾਂ ਕਿ ਮੈਂ ਜਿੱਥੇ ਵੀ ਦੇਖਾਂ ਮੈਨੂੰ ਤੁਸੀਂ ਹੀ ਨਜਰ ਆਉ। ਮੈਂ ਜਿੱਧਰ ਵੀ ਜਾਵਾਂ ਮੈਨੂੰ ਤੁਹਾਡਾ ਜਹੂਰ, ਤੁਹਾਡਾ ਚਿਹਰਾ, ਹਰ ਵਕਤ ਦਿਸਦਾ ਰਹੇ।

**॥ ਸਬਦ ॥**

**ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥**

ਸ਼ੁਰੂ-ਸ਼ੁਰੂ ਵਿੱਚ ਰਾਤ ਹੁੰਦੀ ਹੈ। ਉਸ ਤੋਂ ਬਾਅਦ ਪਿਛਲੇ ਪਹਿਰ ਜਦੋਂ ਦਿਨ ਚੜ੍ਹਦਾ ਹੈ ਅਗਰ ਜੀਵ! ਤੂੰ ਚਾਹੁੰਦਾ ਏਂ ਕਿ ਹਜ਼ੂਰ ਤੈਨੂੰ ਤੰਦਰੁਸਤੀ ਬਖਸ਼ਣ ਤਦ ਤੂੰ ਦਿਨ ਦੇ ਚੜ੍ਹਨ ਸਮੇਂ ਉੱਠ ਕੇ ਮਾਲਿਕ ਦਾ ਨਾਮ ਲੈ। ਅਗਰ ਤੁਹਾਡਾ ਸਵੇਰੇ-ਸਵੇਰੇ ਉੱਠਣ ਦਾ ਸੁਭਾਅ ਹੋਵੇ ਤਾਂ ਤੁਸੀਂ ਦੇਖਿਆ ਹੋਵੇਗਾ ਕਿ ਤੜਕੇ ਤਿੰਨ ਚਾਰ ਵਜੇ ਚਿੜੀਆਂ ਚੂੰ-ਚੂੰ, ਚੂੰ-ਚੂੰ ਕਰਨ ਲੱਗ ਪੈਂਦੀਆਂ ਹਨ। ਉਹ ਪੰਛੀ ਉਦੋਂ ਦਿਨ ਦੇ ਚੜ੍ਹਨ ਦਾ ਸੰਕੇਤ ਦਿੰਦੇ ਹਨ। ਮਾਲਿਕ ਉਸ ਵਕਤ ਤੁਹਾਨੂੰ ਇੱਕ ਵਾਰ ਜ਼ਰੂਰ ਜਗਾਉਂਦੇ ਹਨ ਪਰ ਆਲਸੀ ਬੰਦੇ ਪਾਸਾ ਮਾਰ ਕੇ ਫੇਰ ਸੌਂ ਜਾਂਦੇ ਹਨ। ਉਹ ਸੋਚਦੇ ਹਨ ਕਿ ਅਜੇ ਬੜੀ ਰਾਤ ਪਈ ਹੈ। ਪਰ ਪਤਾ ਉਦੋਂ ਲੱਗਦਾ ਹੈ ਜਦੋਂ ਸੂਰਜ ਸਿਰ ਉੱਪਰ ਚੜ੍ਹ ਆਉਂਦਾ ਹੈ। ਕਈ ਜੀਵ ਘੋੜੇ ਵੇਚ ਕੇ ਸੁੱਤੇ ਹੁੰਦੇ ਹਨ। ਸਵੇਰੇ ਦਿਨ ਚੜ੍ਹਨ ਤੇ ਲੋਕ ਕੰਮ ਕਰ ਲੈਂਦੇ ਹਨ ਪਰ ਉਹ ਆਰਾਮ ਨਾਲ ਸੌਂਦੇ ਹਨ। ਫੇਰ ਉਹਨਾਂ ਨੂੰ ਰਾਤ ਨੂੰ ਚਾਹੇ ਨੀਂਦ ਨਾ ਆਵੇ। ਪਰ ਕਈ ਜੀਵ ਦਿਨੇ ਵੀ ਸੁੱਤੇ ਰਹਿੰਦੇ ਹਨ ਅਤੇ ਰਾਤ ਵੀ ਸੁੱਤੇ ਰਹਿੰਦੇ ਹਨ। ਪਤਾ ਨਹੀਂ ਉਹਨਾਂ ਨੂੰ ਐਨੀ ਨੀਂਦ ਕਿਵੇਂ ਆ ਜਾਂਦੀ ਹੈ। ਉਹ ਮਾਲਿਕ ਸਵੇਰ ਦੇ ਸਮੇਂ ਸੰਦੇਸ਼ ਭੇਜਦੇ ਹਨ। ਤੁਸੀਂ ਤਜ਼ਰਬਾ ਕਰਕੇ ਦੇਖ ਲਇਉ ਸਾਰੇ ਪ੍ਰਾਣੀ ਸਵੇਰੇ ਸਾਢੇ ਚਾਰ ਪੰਜ ਵਜੇ ਉੱਠ ਕੇ ਸਿਮਰਨ ਚਾਹੇ ਥੋੜ੍ਹਾ ਕਰੋ ਜਾਂ ਬਹੁਤਾ ਕਰੋ। ਸਿਮਰਨ ਕਰਨ ਤੋਂ ਬਾਅਦ ਆਪਣੇ ਕੰਮ ਕਰੋ। ਅਸੀਂ ਆਪਣੇ ਜੀਵਨ ਵਿੱਚ ਤਜ਼ਰਬਾ ਕਰਕੇ ਦੇਖਿਆ ਹੈ ਕਿ ਜੀਵ ਜਿੰਨਾ ਕੰਮ ਸਾਰੇ ਦਿਨ ਵਿੱਚ ਕਰਦਾ ਹੈ ਅਸੀਂ ਉਹ ਕੰਮ ਸਵੇਰੇ ਸੱਤ ਅੱਠ ਵਜੇ

ਤੱਕ ਕਰ ਲੈਂਦੇ ਹਾਂ। ਅਸੀਂ ਕਾਗਜਾਂ ਦਾ ਕੰਮ ਕਰ ਲੈਂਦੇ ਹਾਂ, ਗੁਰਬਾਣੀ ਉਪਮਾ ਪੜ੍ਹ ਲੈਂਦੇ ਹਾਂ। ਭਾਵ ਅਸੀਂ ਸਾਰਾ ਕੰਮ ਕਰ ਕੇ ਸੱਤ ਵਜੇ ਤੱਕ ਵਿਹਲੇ ਹੋ ਜਾਂਦੇ ਹਾਂ। ਫੇਰ ਤੁਸੀਂ ਆਉਂਦੇ ਹੋ ਤੁਹਾਡੇ ਨਾਲ ਗੱਲ ਬਾਤ ਕਰੀਦੀ ਹੈ। ਪਰੰਤੂ ਅਗਰ ਅਸੀਂ ਲੇਟ ਉਠਾਂਗੇ ਫੇਰ ਸਾਰੇ ਕੰਮ ਨਹੀਂ ਹੋ ਸਕਦੇ। ਇਸ ਕਰਕੇ ਹਜ਼ੂਰ ਸਵੇਰੇ ਆਤਮਾ ਨੂੰ ਸੱਦਾ ਦਿੰਦੇ ਹਨ ਕਿ ਤੂੰ ਉੱਠ ਅਤੇ ਉੱਠ ਕੇ ਮਾਲਿਕ ਦਾ ਨਾਮ ਜਪ। ਪਰ ਜੋ ਉਸ ਸੰਦੇਸ਼ ਨੂੰ ਨਹੀਂ ਸੁਣਦੇ

*ਉਚੇ ਖਾਸੇ ਮਹਿਲ ਤੇ ਦੇਵੇ ਬਾਂਗ ਖੁਦਾਇ।*
*ਸੁੱਤੇ ਲੋਕ ਨਹੀਂ ਜਾਗਦੇ ਰਿਹਾ ਖੁਦਾ ਜਗਾਇ।*
*ਸੁੱਤੀ ਪਈ ਨਿਭਾਗ ਸਭ ਸੁਣੇ ਨ ਬਾਂਗਾ ਕੋਇ।*
*ਜਾਗਣਗੇ ਸੋ ਲੈਣਗੇ ਸਾਈਂ ਸੰਦੀ ਸੋਇ।*

ਅਗਰ ਭਗਤੀ ਨਹੀਂ ਤੁਰਦੀ ਸਵੇਰੇ ਉੱਠ ਕੇ ਜ਼ਰੂਰ ਸਿਮਰਨ ਕਰੋ। ਭਗਤੀ ਅਵੱਸ਼ ਚਾਲੂ ਹੋ ਜਾਂਦੀ ਹੈ। ਕਿਉਂਕਿ ਉਸ ਵਕਤ ਮਾਲਿਕ ਬਖਸ਼ਿਸ਼ ਕਰਦੇ ਹਨ। ਪਰ ਜੇਕਰ ਤੁਸੀਂ ਸੁੱਤੇ ਰਹਿਣਾ ਹੈ ਫੇਰ ਮਰਾਸੀ ਵਾਂਗ ਕਾਲੇ ਰੰਗ ਦਾ ਨੂਰ ਹੀ ਚੜ੍ਹਦਾ ਹੈ। ਅਸੀਂ ਸੁੱਤੇ ਪਏ ਹੀ ਕਹੀ ਜਾਂਦੇ ਹਾਂ ਕਿ ਸੱਚੇ ਪਾਤਿਸ਼ਾਹੋ! ਅੱਜ ਉੱਠਿਆ ਨਹੀਂ ਜਾਂਦਾ ਕਿਰਪਾ ਕਰੋ। ਕੀ ਗੱਲ ਤੁਹਾਨੂੰ ਹੋ ਕੀ ਗਿਆ ਹੈ ਜੋ ਉਠਿਆ ਨਹੀਂ ਜਾਂਦਾ?

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥੧੨੮॥*
*(ਅੰਗ 1371)*

ਇੱਕ ਦਿਨ ਸਾਡੀ ਮੌਤ ਹੋ ਜਾਣੀ ਹੈ। ਸਰੀਰ ਨੇ ਆਕੜ ਜਾਣਾ ਹੈ। ਜਿੱਧਰ ਨੂੰ ਮੋੜੋਗੇ ਮੁੜਨਾ ਨਹੀਂ ਹੈ। ਫੇਰ ਤੁਹਾਡੇ ਹੱਥ ਹਿੱਲਣੇ ਨਹੀਂ ਹਨ। ਫੇਰ ਘਰਦਿਆਂ, ਬਾਹਰਦਿਆਂ, ਬੱਚਿਆਂ ਨੇ ਰੌਲਾ ਪਾਉਣਾ ਹੈ ਓ ਬਾਪੂ, ਓ ਬੇਬੇ, ਉੱਠ ਕੇ ਗੱਲ ਕਰ। ਸੋਈ ਜਦੋਂ ਗੱਲ ਕਰਨ ਦਾ ਸਮਾਂ ਹੁੰਦਾ ਹੈ ਉਦੋਂ ਉੱਠਦੇ ਨਹੀਂ ਹਾਂ। ਫੇਰ ਦੁਹਾਈਆਂ ਪੈਂਦੀਆਂ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਵੇਰੇ ਮਾਲਿਕ ਸੰਦੇਸ਼ਾ ਦਿੰਦੇ ਹਨ ਕਿ ਪੁੱਤਰ! ਉੱਠ ਅਤੇ ਉੱਠ ਕੇ ਸਿਮਰਨ ਕਰੋ। ਜੋ ਬੱਚੇ ਵੀ ਰਾਤ ਉੱਠ ਕੇ ਸਿਮਰਨ ਕਰਦੇ ਹਨ ਜਾਂ ਉਹ ਪੜ੍ਹਾਈ ਕਰਦੇ ਹਨ ਉਹ ਦੂਸਰੇ ਬੱਚਿਆਂ ਨਾਲੋਂ ਵੱਧ ਨੰਬਰ ਲੈ ਕੇ ਆਪਣਾ ਜੀਵਨ ਵਧੀਆ ਬਤੀਤ ਕਰਦੇ ਹਨ।

**ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਵੱਡੇ-ਵੱਡੇ ਮਹੱਲ ਹੋਣ, ਖੇਮੇ ਬਣੇ ਹੋਣ, ਰਥ ਦੀ ਸਵਾਰੀ ਹੋਵੇ। ਪਰ ਜੇਕਰ ਉਹ ਜੀਵ ਸਿਮਰਨ ਨਹੀਂ ਕਰਦਾ ਤਦ ਉਸ ਦੀ ਆਤਮਾ ਕੋਹਲੂ ਵਾਂਗ ਪੀੜੀ ਜਾਂਦੀ ਹੈ ਅਤੇ ਫੇਰ ਉਹ ਪਛਤਾਉਂਦਾ ਹੈ।

**ਜਿਨੀ ਤੇਰਾ ਨਾਮੁ ਧਿਆਇਆ**

**ਤਿਨ ਕਉ ਸਦਿ ਮਿਲੇ॥੧॥**

ਜਿਹੜੇ ਜੀਵ ਨਾਮ ਜਪਦੇ ਹਨ ਉਹਨਾਂ ਨੂੰ ਇਹ ਦਾਤਾਂ ਬਹੁਤੀਆਂ ਮਿਲਦੀਆਂ ਹਨ। ਜੋ ਪ੍ਰਾਣੀ ਸੁੱਤੇ ਰਹਿੰਦੇ ਹਨ ਉਹਨਾਂ ਦਾ ਕੋਈ ਕੰਮ ਨਹੀਂ ਬਣਦਾ। ਅਸੀਂ ਬਹੁਤ ਦਫਾ ਬੇਨਤੀ ਕਰਦੇ ਹਾਂ ਕਿ

*ਸੰਤ ਮਿਲਣ ਸਮ ਸੁਖ ਜਗ ਨਾਹੀ।*
*ਨਹੀ ਦਲਿਦਰ ਸਮ ਦੁਖ ਜਗ ਮਾਹੀ।*

ਦਲਿੱਦਰ ਤੋਂ ਵੱਡਾ ਦੁਖ ਕੋਈ ਨਹੀਂ ਹੈ। ਸਾਧੂ ਦੇ ਮਿਲਾਪ ਤੋਂ ਵੱਡਾ ਸੁਖ ਹੋਰ ਕੋਈ ਨਹੀਂ ਹੈ।

**ਬਾਬਾ ਮੈ ਕਰਮਹੀਣ ਕੂੜਿਆਰ॥**

ਸੱਚੇ ਪਾਤਿਸ਼ਾਹੋ! ਤੁਸੀਂ ਸਿਆਣੇ ਹੋ ਮੈਂ ਕਰਮਾਂ ਦਾ ਹੀਣ ਹਾਂ ਅਤੇ ਹਮੇਸ਼ਾਂ ਝੂਠ ਦਾ ਸਹਾਰਾ ਲੈਂਦਾ ਹਾਂ।

**ਨਾਮੁ ਨ ਪਾਇਆ ਤੇਰਾ**

**ਅੰਧਾ ਭਰਮਿ ਭੂਲਾ ਮਨੁ ਮੇਰਾ॥੧॥ ਰਹਾਉ॥**

ਸੱਚੇ ਪਾਤਿਸ਼ਾਹੋ! ਮੈਂ ਭਰਮਾਂ ਵਿੱਚ ਪਿਆ ਹਾਂ, ਅੰਨਾ ਹੋ ਕੇ ਤੁਰਿਆ ਫਿਰਦਾ ਹਾਂ ਅਤੇ ਮੈਂ ਨਾਮ ਦੀ ਪ੍ਰਾਪਤੀ ਨਹੀਂ ਕਰ ਰਿਹਾ।

**ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਸ ਤਰ੍ਹਾਂ ਦੇ ਪਿਛਲੇ ਕਰਮ ਕਰੋਗੇ

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਅੰਗ 134)*

ਅਗਰ ਸੁੱਤੇ ਰਹਾਂਗੇ ਤਦ ਨੁਕਸਾਨ ਹੋਵੇਗਾ।

ਅਸੀਂ ਰਿਆੜਕੀ ਦੇ ਜੰਮਪਲ ਹਾਂ। ਉਦੋਂ ਸਾਡੇ ਇਲਾਕੇ ਵਿੱਚ ਖੂਹ ਨਹੀਂ ਸੀ ਹੁੰਦੇ। 85 ਫੁੱਟ ਡੂੰਘਾ ਖੂਹ ਲੱਗਦਾ ਸੀ। ਅਗਰ ਕੋਈ ਟਿਊਬਵੈੱਲ ਲਾਉਂਦਾ ਸੀ ਤਦ ਬੋਰ ਦੇ ਵਿਚਕਾਰ ਵੀ ਇੱਕ ਮੋਟਰ ਲਾਉਂਦੇ ਸੀ ਅਤੇ ਇੱਕ ਉੱਪਰ ਲਗਾਈ ਜਾਂਦੀ ਸੀ। ਥੱਲੇ ਵਾਲੇ ਪਾਣੀ ਨੂੰ ਸੈਂਟਰ ਵਾਲੀ ਮੋਟਰ ਖਿਚਦੀ ਸੀ ਅਤੇ ਉਸ ਪਾਣੀ ਨੂੰ ਉੱਪਰ ਵਾਲੀ ਮੋਟਰ ਖਿਚਦੀ ਸੀ। ਕਈ ਜਗ੍ਹਾ 85 ਤੋਂ 90 ਫੁੱਟ ਤੱਕ ਡੂੰਘਾ ਪਾਣੀ ਹੁੰਦਾ ਸੀ। ਉੱਥੇ ਤਿੰਨ ਮੋਟਰਾਂ 30-30 ਫੁੱਟ ਦੀ ਵਿੱਥ ਤੇ ਲਗਾਈਆਂ ਜਾਂਦੀਆਂ ਸਨ। ਸੋਈ ਉਦੋਂ ਤਿੰਨ ਮੋਟਰਾਂ ਨਾਲ ਪਾਣੀ ਕੱਢਿਆ ਜਾਂਦਾ ਸੀ। ਕਿਉਂਕਿ ਸਬਮਰਸੀਬਲ ਪੰਪ ਨਹੀਂ ਹੁੰਦੇ ਸੀ। ਖੂਹਾਂ ਵਿੱਚੋਂ ਪਾਣੀ ਦੀ ਵੱਡੀ ਬਾਲਟੀ ਕੋਈ ਸੂਰਮਾ ਨੌਜਆਨ ਹੀ ਕੱਢ ਸਕਦਾ ਸੀ। ਵਰਨਾ ਲੱਜ ਲੱਮੀ ਹੁੰਦੀ ਸੀ ਅਤੇ ਬਾਲਟੀ ਦੇ

ਉੱਪਰ ਆਉਣ ਤੱਕ ਬਾਹਵਾਂ ਫੁੱਲ ਜਾਂਦੀਆਂ ਸਨ। ਪਰ ਉਸ ਵਕਤ ਚਾਹੇ ਚੰਦਰਮਾ ਰਾਤ ਨੂੰ ਅੱਠ ਵਜੇ ਚੜ੍ਹ ਪੈਣਾ ਜਾਂ ਗਿਆਰਾਂ ਵਜੇ ਚੜ੍ਹ ਪੈਣਾ ਅਸੀਂ ਉਦੋਂ ਹੀ ਉੱਠ ਕੇ ਹੱਲ ਵਾਹੁਣ ਲੱਗ ਪੈਣਾ। ਜਦੋਂ ਸੂਰਜ ਦੀ ਟਿੱਕੀ ਚੜ੍ਹਨੀ ਉਸ ਤੋਂ ਪਹਿਲਾਂ-ਪਹਿਲਾਂ ਹੱਲ ਵਾਹ ਕੇ ਸੁਹਾਗਾ ਫੇਰ ਦੇਣਾ ਤਾਂ ਕਿ ਪੈਲੀ ਸੁੱਕ ਨਾ ਜਾਵੇ। ਬੱਚੇ ਮਿੱਟੀ ਉੱਪਰ ਮੁੱਕੀ ਮਾਰ ਕੇ ਕਹਿੰਦੇ ਹੁੰਦੇ ਸੀ ਕਿ

*ਬਗਲਿਆ! ਬਗਲਿਆ!*

*ਸੁੱਕੀ ਮਿੱਟੀ ਲੈ ਜਾ, ਗਿੱਲੀ ਮਿੱਟੀ ਦੇ ਜਾ।*

ਕਿ ਜਿੰਨਾ ਜਿਆਦਾ ਸੁਹਾਗਾ ਫੇਰਾਂਗਾ ਓਨੀ ਜਿਆਦਾ ਸਿਲ੍ਹ ਰਹੇਗੀ। ਬਾਰਿਸ਼ ਪੈਣੀ ਤਦ ਕੋਸ਼ਿਸ਼ ਕਰਨੀ ਕਿ ਉਹ ਪੈਲੀਆਂ ਸੁੱਕ ਨਾ ਜਾਣ ਇਸ ਕਰਕੇ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਸੁਹਾਗਾ ਫੇਰ ਦੇਣਾ। ਪਰ ਜੋ ਜੀਵ ਆਲਸ ਕਰਕੇ ਦਿਨ ਚੜ੍ਹੇ ਉੱਠ ਕੇ ਹੱਲ ਵਾਹੁਣ ਜਾਂਦੇ ਸੀ ਉਹਨਾਂ ਦੀ ਪੈਲੀ ਸੁੱਕ ਜਾਣ ਕਰਕੇ ਫਸਲ ਨਹੀਂ ਹੁੰਦੀ ਸੀ ਅਤੇ ਉਹ ਭੁੱਖੇ ਮਰਦੇ ਸੀ। ਹੁਣ ਕਈ ਜੀਵ ਸਵੇਰੇ ਤੜਕੇ ਉੱਠ ਕੇ ਦਿੱਲੀ ਜਾ ਕੇ ਆਪਣਾ ਕੰਮ ਕਰਕੇ ਸ਼ਾਮ ਤੱਕ ਵਾਪਸ ਆ ਜਾਂਦੇ ਹਨ। ਅਤੇ ਕਈ ਦੋ ਤਿੰਨ ਦਿਨ ਦਿੱਲੀ ਪਹੁੰਚਦਿਆਂ ਹੀ ਲਾ ਦਿੰਦੇ ਹਨ। ਰਸਤੇ ਵਿੱਚ ਰੁਕ ਜਾਂਦੇ ਹਨ, ਖਾਂਦੇ ਪੀਂਦੇ ਹਨ। ਦਫਤਰ ਪਹੁੰਚਦਿਆਂ ਤੱਕ ਦਫਤਰ ਬੰਦ ਹੋ ਜਾਂਦਾ ਹੈ। ਅਗਲੇ ਦਿਨ ਛੁੱਟੀ ਆ ਜਾਂਦੀ ਹੈ। ਉਸ ਤੋਂ ਅਗਲੇ ਦਿਨ ਹੜਤਾਲ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਚਾਰ-ਚਾਰ, ਪੰਜ-ਪੰਜ ਦਿਨ ਦਿੱਲੀ ਬੈਠੇ ਹੀ ਫੁਲਕੇ ਛਕੀ ਜਾਂਦੇ ਹਨ। ਸੋਈ

*ਉਦੱਮ ਅੱਗੇ ਲੱਛਮੀ, ਪੱਖੇ ਅੱਗੇ ਪੌਣ।*

ਪੱਖਾ ਕਿੰਨਾ ਵੀ ਚੱਲੇ ਉਹ ਹਵਾ ਨੂੰ ਜਰੂਰ ਘੁਮਾਉਂਦਾ ਹੈ। ਅਤੇ ਉੱਦਮ ਚਾਹੇ ਭਗਤੀ ਵਿੱਚ ਕਰ ਲਉ, ਚਾਹੇ ਖੇਤੀਬਾੜੀ ਵਿੱਚ, ਚਾਹੇ ਪੜ੍ਹਾਈ ਵਿੱਚ ਕਰ ਲਉ ਜਦੋਂ ਅਸੀਂ ਕਿਸੇ ਵੀ ਕੰਮ ਵਿੱਚ ਉੱਦਮ ਕਰਾਂਗੇ ਹਜ਼ੂਰ ਉਸ ਕੰਮ ਵਿੱਚ ਸਫਲਤਾ ਬਖਸ਼ਦੇ ਹਨ।

**ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥**

ਫੇਰ ਦਲਿੱਦਰ ਐਸੀ ਚੀਜ ਹੈ ਜਿਸ ਵਿੱਚ ਦੁੱਖ ਹੀ ਦੁੱਖ ਹਨ। ਸਹਿਵਨ ਹੀ ਕੋਈ ਹੋਰ ਜੀਵ ਆ ਕੇ ਥੋੜ੍ਹਾ ਬਹੁਤਾ ਸੁੱਖ ਦੇ ਦੇਵੇ ਉਹ ਗੱਲ ਅਲੱਗ ਹੈ।

**ਵਿਛੁੜਿਆ ਕਾ ਕਿਆ ਵੀਛੁੜੈ**

**ਮਿਲਿਆ ਕਾ ਕਿਆ ਮੇਲੁ ॥**

ਜੋ ਸੁੱਤੇ ਰਹਿੰਦੇ ਹਨ ਮਾਲਿਕ ਨੂੰ ਮਿਲਦੇ ਹੀ ਨਹੀਂ ਹਨ ਉਹਨਾਂ ਨੇ ਕੀ ਵਿਛੜਨਾ ਹੈ। ਜੋ ਜੀਵ ਉੱਠ ਕੇ ਸਿਮਰਨ ਕਰਕੇ ਮਾਲਿਕ ਦਾ ਮਿਲਾਪ ਕਰ ਲੈਂਦੇ ਹਨ ਉਹਨਾਂ ਦੀ ਕੋਈ ਰੀਸ ਨਹੀਂ ਕਰ ਸਕਦਾ।

**ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥**

ਸਾਧੂਆਂ ਨੇ ਸਿਮਰਨ ਕਰਕੇ ਇਹ ਭੇਦ ਪ੍ਰਾਪਤ ਕੀਤਾ ਹੁੰਦਾ ਹੈ। ਜੋ ਜੀਵ ਸਾਧੂਆਂ ਦੇ ਬਚਨ ਮੰਨ ਕੇ ਖੇਡ ਖੇਡਦੇ ਹਨ ਉਹ ਖੁਸ਼ੀਆਂ ਪ੍ਰਾਪਤ ਕਰਦੇ ਹਨ।

**ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਧੂ ਸੰਯੋਗ, ਮਿਲਾਵੇ, ਵਿਚੋਲੇ ਹੁੰਦੇ ਹਨ। ਉਹਨਾਂ ਨੂੰ ਅਗੋਂ ਉਹਨਾਂ ਦੇ ਸੰਤਾਂ ਨੇ ਮਿਲਾਪ ਦਾ ਭੇਦ ਬਖਸ਼ਿਆ ਹੁੰਦਾ ਹੈ। ਉਹ ਅਗਾਂਹ ਜੁਗਤੀਆਂ ਦਸਦੇ ਹਨ ਕਿ ਤੁਸੀਂ ਵੀ ਸਿਮਰਨ ਕਰਕੇ ਇਸ ਭੇਦ ਦੀ ਪ੍ਰਾਪਤੀ ਕਰੋ।

**ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥੪॥੧॥**

ਸਵੇਰੇ ਤੜਕੇ ਉੱਠ ਕੇ ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ ਮੇਰੀ ਵਾਰੀ ਕਦੋਂ ਆਵੇਗੀ, ਕਿਰਪਾ ਕਰੋ। ਤਦ ਮਾਲਿਕ ਉਸ ਉੱਪਰ ਵੀ ਕਿਰਪਾ ਕਰ ਦਿੰਦੇ ਹਨ। ਸੋਈ ਸਾਨੂੰ ਮਾਲਿਕ ਦੀ ਪ੍ਰਾਪਤੀ ਲਈ ਸਵੇਰੇ ਉੱਠ ਕੇ ਸਿਮਰਨ ਕਰਨਾ ਚਾਹੀਦਾ ਹੈ। ਜਿਹੜੇ ਬੱਚੇ ਪੜ੍ਹਦੇ ਹਨ ਉਹਨਾਂ ਨੂੰ ਤੜਕੇ ਉੱਠ ਕੇ ਪੜ੍ਹਾਈ ਕਰਨੀ ਚਾਹੀਦੀ ਹੈ। ਖੇਤੀਬਾੜੀ ਕਰਨ ਵਾਲਿਆਂ ਨੂੰ ਤੜਕੇ ਉੱਠ ਕੇ ਖੇਤੀ ਕਰਨੀ ਚਾਹੀਦੀ ਹੈ। ਅਗਰ ਕੋਈ ਹੋਰ ਕਾਰੋਬਾਰ ਕਰਦੇ ਹੋ ਤਦ ਵੀ ਸਵੇਰੇ ਤੜਕੇ ਉੱਠੋ। ਜੋ ਇਨਸਾਨ ਤੜਕੇ ਉੱਠ ਕੇ ਵੇਲੇ ਸਿਰ ਕੰਮ ਕਰਦੇ ਹਨ ਉਸ ਤੋਂ ਵੱਡੀ ਸ਼ਾਇਦ ਹੀ ਹੋਰ ਕੋਈ ਬਖਸ਼ਿਸ਼ ਹੋਵੇਗੀ। ਅਗਰ ਕਿਸੇ ਦੇ ਪਰਿਵਾਰ ਵਿੱਚ ਮਾਲਿਕ ਦੀ ਕੋਈ ਐਸੀ ਮੌਜ ਬਣੀ ਹੋਵੇ ਅਸੀਂ ਉਹਨਾਂ ਦੀ ਗੱਲ ਨਹੀਂ ਕਰਦੇ। ਪਰ ਅਸੀਂ ਦੇਖਿਆ ਕਿ ਜੋ ਜੀਵ ਵੇਲੇ ਸਿਰ ਉੱਠ ਕੇ ਕਮਾਈ ਕਰਦੇ ਹਨ ਉਹਨਾਂ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਉਹ ਹਮੇਸ਼ਾਂ ਕਾਮਯਾਬੀਆਂ ਦੇ ਸਿਖਰਾਂ 'ਤੇ ਪਹੁੰਚਦੇ ਹਨ। ਚਾਹੇ ਉਹ ਭਗਤੀ ਮਾਰਗ ਵਿੱਚ ਹੋਣ ਚਾਹੇ ਉਹ ਪੜ੍ਹਾਈ ਦੇ ਖੇਤਰ ਵਿੱਚ ਹੋਣ, ਚਾਹੇ ਖੇਤੀਬਾੜੀ ਕਰਦੇ ਹੋਣ, ਚਾਹੇ ਉਹ ਬਿਜਨੈੱਸ ਕਰਦੇ ਹੋਣ, ਚਾਹੇ ਉਹ ਇਲੈੱਕਸ਼ਨ ਲੜ ਰਹੇ ਹੋਣ। ਅਗਰ ਕੋਈ ਤੜਕੇ ਉੱਠ ਕੇ ਕੰਮ ਸ਼ੁਰੂ ਕਰਦਾ ਹੈ ਉਹ ਜਰੂਰ ਸਫਲ ਹੁੰਦਾ ਹੈ। ਪਰ ਜੇਕਰ ਉਹ ਸਵੇਰੇ ਉੱਠ ਕੇ ਸਿਮਰਨ ਕਰੇ ਤਦ ਉਸ ਨਾਲ ਦੀ ਕੋਈ ਰੀਸ ਹੀ ਨਹੀਂ ਹੈ।

# ਸਤਿਸੰਗ

**ਸੂਹੀ ਮਹਲਾ ੪ ॥ (ਅੰਗ 734)**

**ਜਿਸ ਨੋ ਹਰਿ ਸੁਪ੍ਰਸੰਨੁ ਹੋਇ**

**ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਕੋਈ ਵੀ ਜੀਵ ਆਪ ਗੁਰੂ ਦਾ ਯਸ਼ ਕਰ ਜਾਂ ਸੁਣ ਨਹੀਂ ਸਕਦਾ। ਜਿਸ ਉੱਪਰ ਹਜ਼ੂਰ ਪ੍ਰਸੰਨ ਹੋਣਗੇ, ਖੁਸ਼ ਹੋਣਗੇ ਉਹੋ ਹੀ ਗੁਰੂ ਦਾ ਯਸ਼ ਗਾਏਗਾ। ਅਤੇ ਉਸੇ ਦੀ ਹੀ ਭਗਤੀ ਪ੍ਰਵਾਨ ਹੁੰਦੀ ਹੈ। ਇਸ ਕਰਕੇ ਸਾਨੂੰ ਪਹਿਲਾਂ ਮਾਲਿਕ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਜੋ ਜੀਵ ਰਹਿਤ, ਅਤੇ ਬਚਨਾਂ ਵਿੱਚ ਰਹਿੰਦੇ ਹਨ ਉਹੋ ਹੀ ਖੁਸ਼ੀਆਂ ਪ੍ਰਾਪਤ ਕਰਦੇ ਹਨ। ਸਾਨੂੰ ਸਭ ਤੋਂ ਪਹਿਲਾਂ ਮਾਲਿਕ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਆਪਣੀ ਰਹਿਣੀ, ਅਮਲ ਅਤੇ ਅਸੂਲ ਠੀਕ ਕਰਨੇ ਚਾਹੀਦੇ ਹਨ। ਜਦੋਂ ਮਾਲਿਕ ਖੁਸ਼ ਹੋ ਜਾਣਗੇ ਫੇਰ ਹਜ਼ੂਰ ਸਾਡਾ ਗਾਇਆ ਅਤੇ ਸੁਣਿਆ ਸਭ ਕਬੂਲ ਕਰਦੇ ਹਨ ਅਤੇ ਭਗਤੀ ਵੀ ਕਬੂਲ ਕਰਦੇ ਹਨ।

**ਤਿਸ ਕੀ ਮਹਿਮਾ ਕਿਆ ਵਰਨੀਐ**

**ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥**

ਉਂਝ ਜੀਵ ਚਾਹੇ ਸਤਿਸੰਗ ਸੁਣੇ ਜਾਂ ਕਰੇ, ਕੀਰਤਨ ਕਰੇ ਜਾਂ ਸੁਣੇ ਮਨ ਵਿੱਚ ਗੁਰਬਾਣੀ ਦਾ ਵਾਸਾ ਨਹੀਂ ਹੁੰਦਾ। ਜੀਵ ਦਾ ਮਨ ਰੁਖਾ ਸੁਖਾ ਰਹਿੰਦਾ ਹੈ। ਜੋ ਜੀਵ ਚਾਅ ਨਾਲ ਗੁਰਬਾਣੀ ਦਾ ਯਸ਼ ਕਰਦਾ ਜਾਂ ਸੁਣਦਾ ਹੈ ਉਸ ਦੀ ਦੁਨੀਆਂ ਵਿੱਚ ਮਹਿਮਾ ਗਿਣੀ ਨਹੀਂ ਜਾ ਸਕਦੀ।

*ਕਿਨਕਾ ਏਕ ਜਿਸੁ ਜੀਅ ਬਸਾਵੈ ॥*

*ਤਾ ਕੀ ਮਹਿਮਾ ਗਨੀ ਨ ਆਵੈ ॥ (ਅੰਗ 262)*

ਅਗਰ ਗੁਰਬਾਣੀ ਦੀ ਇੱਕ ਤੁਕ ਵੀ ਕਿਸੇ ਜੀਵ ਦੇ ਹਿਰਦੇ ਵਿੱਚ ਵਾਸਾ ਕਰ ਲੈਂਦੀ ਹੈ ਤਦ ਦੁਨੀਆਂ ਕੋਲੋਂ ਉਸ ਦੀ ਮਹਿਮਾ ਕਰਨੀ ਔਖੀ ਹੋ ਜਾਂਦੀ ਹੈ।

**ਗੋਵਿੰਦ ਗੁਣ ਗਾਈਐ ਜੀਉ**

**ਲਾਇ ਸਤਿਗੁਰੂ ਨਾਲਿ ਧਿਆਨੁ ॥ ਰਹਾਉ ॥**

ਆਪਣੇ ਸਤਿਗੁਰ ਦੀ ਸੰਗਤ ਅਤੇ ਸ਼ਰਨ ਵਿੱਚ ਆ ਕੇ ਉਸ ਮਾਲਿਕ ਦਾ ਧਿਆਨ ਰੱਖ ਕੇ ਗੁਣ ਗਾਉਣੇ ਚਾਹੀਦੇ ਹਨ। ਐਸਾ ਨਹੀਂ ਕਿ ਸਾਧੂ ਨੂੰ ਗੁਰੂ ਜਾਂ ਭਗਵਾਨ ਮੰਨਣ ਲੱਗ ਪੈਣਾ ਹੈ। ਸਾਧੂ ਦੇ ਦੱਸੇ ਹੋਏ ਤਰੀਕੇ ਅਨੁਸਾਰ ਉਸ ਭਗਵਾਨ ਨਾਲ ਲਿਵ ਲਾ ਕੇ ਸਿਮਰਨ ਅਤੇ ਜਾਪ ਕਰਨਾ ਹੈ।

**ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ**

**ਜਿਸ ਤੇ ਪਾਈਐ ਪਰਮ ਨਿਧਾਨੁ ॥**

ਸੇਵਾ ਵੀ ਸਾਧੂਆਂ ਦੀ ਆਗਿਆ ਵਿੱਚ ਰਹਿ ਕੇ ਕਰਨੀ ਚਾਹੀਦੀ ਹੈ। ਅਗਰ ਸਾਧੂ ਕਿਸੇ ਕੰਮ ਤੋਂ ਵਰਜਿਤ ਕਰਦੇ ਹਨ ਅਗਰ ਉਹ ਸੇਵਾ ਤੁਹਾਨੂੰ ਅੱਛੀ ਵੀ ਲੱਗਦੀ ਹੋਵੇ ਤਦ ਵੀ ਨਹੀਂ ਕਰਨੀ ਚਾਹੀਦੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹੋ ਸੇਵਾ ਹੀ ਸਫਲ ਹੈ ਜੋ ਸਾਧੂਆਂ ਨੂੰ ਮਨਜ਼ੂਰ ਹੈ। ਜਦੋਂ ਅਸੀਂ ਵਿਦੇਸ਼ ਜਾਂਦੇ ਹਾਂ ਅਸੀਂ ਸੰਗਤ ਨੂੰ ਕਹਿੰਦੇ ਹਾਂ ਕਿ ਆ ਕੇ ਸਤਿਸੰਗ ਸੁਣੋ। ਉੱਥੇ ਜਦੋਂ ਸੰਗਤ ਆਉਂਦੀ ਸੀ ਉਹ ਆਪਣੀਆਂ ਗੱਡੀਆਂ ਦੀਆਂ ਡਿੱਗੀਆਂ ਮਠਿਆਈਆਂ ਅਤੇ ਫਲਾਂ ਨਾਲ ਭਰ ਕੇ ਲੈ ਆਉਂਦੇ ਸਨ। ਪਰ ਉੱਥੇ ਸੰਗਤ ਦੇ ਜਿਆਦਾ ਤੋਂ ਜਿਆਦਾ 15 ਜਾਂ 20 ਜੀਵ ਹੁੰਦੇ ਸਨ। ਤੁਸੀਂ 30, 40, 50 ਜਾਂ 100 ਜਾਂ 200 ਲਾਉ। ਪਰ ਉਹਨਾਂ ਨੇ ਲੰਗਰ ਵਿੱਚ ਹਜ਼ਾਰ ਦੋ ਹਜ਼ਾਰ ਜੀਵਾਂ ਲਈ ਮਠਿਆਈ ਲੈ ਆਉਣੀ। ਉੱਥੇ ਮਠਿਆਈ ਬਹੁਤ ਮਹਿੰਗੀ ਵਿਕਦੀ ਹੈ। ਘਰਾਂ ਵਿੱਚ, ਵੱਧ ਤੋਂ ਵੱਧ 25-30 ਜੀਵ ਹੁੰਦੇ ਹਨ। ਪਰ ਜਿੱਥੇ ਸਤਿਸੰਗ ਘਰ ਹੈ ਉੱਥੇ ਸਤਿਸੰਗ ਸਮੇਂ ਦੋ-ਢਾਈ ਸੌ ਜੀਵ ਹੋ ਜਾਂਦੇ ਹਨ। ਪਰ ਜਦੋਂ ਉਂਝ ਕਿਸੇ ਘਰ ਜਾਈਦਾ ਹੈ ਉੱਥੇ 10-12 ਜੀਵ ਹੁੰਦੇ ਹਨ। ਪਰ ਮਠਿਆਈ ਅਤੇ ਫਲ ਬਹੁਤ ਜਿਆਦਾ ਲੈ ਆਉਂਦੇ ਸਨ। ਫੇਰ ਉਹਨਾਂ ਨੂੰ ਕਹੀਦਾ ਸੀ ਕਿ ਸਤਿਸੰਗ ਘਰ ਵਿੱਚ ਲੈ ਆਇਉ। ਉੱਥੇ ਵੀ ਚਾਰ-ਪੰਜ ਦਿਨਾਂ ਵਿੱਚ ਖਾਧਾ ਨਹੀਂ ਜਾਂਦਾ ਸੀ ਅਤੇ ਉਂਝ ਹੀ ਸੁੱਟਣਾ ਪੈਂਦਾ ਸੀ। ਅਸੀਂ ਉਹਨਾਂ ਨੂੰ ਕਿਹਾ ਕਿ ਤੁਸੀਂ ਪੁੱਛ ਕੇ ਸੇਵਾ ਕਰਿਆ ਕਰੋ ਕਿ ਕੀ ਚਾਹੀਦਾ ਹੈ ਜਾਂ ਜਲੰਧਰ ਸੇਵਾ ਭੇਜ ਦਿਆ ਕਰੋ। ਤੁਸੀਂ ਫਲਾਂ ਜਾਂ ਮਠਿਆਈਆਂ ਤੋਂ ਕੀ ਲੈਣਾ ਹੈ। ਉਹ ਕਹਿੰਦੇ ਸਨ ਕਿ ਸਾਡੇ ਮਨ ਵਿੱਚ ਚਾਅ ਹੈ ਕਿ ਸੰਗਤ ਨੂੰ ਲੰਗਰ ਛਕਾਈਏ। ਅਸੀਂ ਕਿਹਾ ਸੰਗਤ ਹੁਣ ਐਨੇ ਲੰਗਰ ਨੂੰ ਬੰਨ੍ਹ ਕੇ ਸਿਰਾਂ ਉੱਪਰ ਚੁੱਕ ਕੇ ਕਿੱਥੇ ਲਿਜਾਵੇ। ਫੇਰ ਕਹਿਣਗੇ ਤੁਸੀਂ ਸੰਗਤ ਨੂੰ ਬੇਨਤੀ ਕਰੋ ਕਿ ਜੋ ਫਲ ਅਤੇ ਮਠਿਆਈ ਲਿਆਂਦੀ ਹੈ ਉਹ ਆਪਣੇ-ਆਪਣੇ ਘਰਾਂ ਨੂੰ ਲੈ ਜਾਣ ਅਤੇ ਫਰਿਜਾਂ ਵਿੱਚ ਰੱਖ ਕੇ ਖਾ ਲਿਆ ਕਰਨ। ਪਰ ਸੰਗਤ ਇੰਝ ਕਰਨ ਲਈ ਤਿਆਰ ਨਹੀਂ

ਹੁੰਦੀ। ਹੁਣ ਅਸੀਂ ਉੱਥੇ ਪਾਬੰਧੀ ਲਗਾ ਦਿੱਤੀ ਹੈ ਕਿ ਨਮਕੀਨ ਸੇਵੀਆਂ ਅਤੇ ਬਦਾਨੇ ਤੋਂ ਬਿਨਾਂ ਅਗਰ ਕਿਸੇ ਘਰ ਵਿੱਚ ਅਸੀਂ ਹੋਰ ਮਠਿਆਈ ਲਿਆਂਦੀ ਦੇਖੀ ਤਦ ਅਸੀਂ ਉੱਥੇ ਬੈਠਾਂਗੇ ਨਹੀਂ ਵਾਪਸ ਆ ਜਾਵਾਂਗੇ। ਇਸ ਤਰ੍ਹਾਂ ਸਖਤੀ ਕਰਕੇ ਅਸੀਂ ਉਹ ਫਲ ਅਤੇ ਮਠਿਆਈਆਂ ਬੰਦ ਕਰਵਾਈਆਂ। ਸੋਈ ਇੱਥੇ ਵੀ ਅਗਰ ਕਿਸੇ ਨੇ ਸੇਵਾ ਕਰਨੀ ਹੁੰਦੀ ਹੈ ਤਾਂ ਲੰਗਰ ਦੇ ਇੰਚਾਰਜ ਨੂੰ ਪੁੱਛਿਆ ਕਰੋ ਕਿ ਲੰਗਰ ਵਿੱਚ ਕਿਸ ਚੀਜ ਦੀ ਕਮੀ ਜਾਂ ਲੋੜ ਹੈ। ਉਹੋ ਹੀ ਲਿਆ ਕੇ ਸੇਵਾ ਪਾਇਆ ਕਰੋ। ਉਸ ਸੇਵਾ ਦੀ ਬਰਾਬਰੀ ਆਪਣੀ ਮਰਜ਼ੀ ਨਾਲ ਕੀਤੀ ਸੇਵਾ ਨਹੀਂ ਕਰ ਸਕਦੀ। ਅਗਰ ਕੋਈ ਬਿਲਡਿੰਗ ਬਣ ਰਹੀ ਹੈ ਉੱਥੇ ਜਾ ਕੇ ਇੱਟਾਂ ਜਾਂ ਸੀਮਿੰਟ ਫੜਾ ਦਿਉ ਉਹ ਸੇਵਾ ਗੁਰੂ ਘਰ ਵਿੱਚ ਕਬੂਲ ਹੁੰਦੀ ਹੈ। ਸੋਈ ਕੰਮ ਉਹ ਕਰੋ ਜਿਹੜਾ ਕੰਮ ਕਰਨ ਲਈ ਉਸ ਸੰਸਥਾ ਦਾ ਹੈੱਡ ਕਹਿੰਦਾ ਹੈ। ਅਗਰ ਤੁਸੀਂ ਬਿਨਾਂ ਕਿਸੇ ਦੇ ਕਹਿਣ ਤੋਂ ਸੇਵਾ ਕਰਦੇ ਹੋ ਉਹ ਸੇਵਾ ਗੁਰੂ ਘਰ ਵਿੱਚ ਪ੍ਰਵਾਨ ਨਹੀਂ ਹੁੰਦੀ।

**ਜੋ ਦੂਜੈ ਭਾਇ ਸਾਕਤ**

**ਕਾਮਨਾ ਅਰਥਿ ਦੁਰਗੰਧ ਸਰੇਵਦੇ**

**ਸੋ ਨਿਹਫਲ ਸਭੁ ਅਗਿਆਨੁ ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹ ਜੀਵ ਕੇਵਲ ਉਪਮਾ ਦੇ ਭੁੱਖੇ ਹੁੰਦੇ ਹਨ ਕਿ ਲੋਕ ਕਹਿਣ ਇਹ ਲੰਗਰ ਲਈ ਆਹ ਚੀਜ ਲੈ ਕੇ ਆਇਆ ਹੈ। ਸਗੋਂ ਉਸ ਦਾ ਫਾਇਦੇ ਦੀ ਜਗ੍ਹਾ ਨੁਕਸਾਨ ਹੋ ਜਾਂਦਾ ਹੈ। ਇਸ ਕਰਕੇ ਹਜ਼ੂਰ ਹੀ ਕਿਰਪਾ ਕਰਕੇ ਸਾਨੂੰ ਸੋਝੀ ਬਖਸ਼ਣ ਕਿ ਅਗਰ ਅਸੀਂ ਕਿਤੇ ਜਾਂਦੇ ਹਾਂ ਉੱਥੇ ਪੁੱਛ ਕੇ ਸੇਵਾ ਕਰੀਏ। ਹੁਣ ਗੁਰਪੁਰਬ ਜਾਂ ਭੰਡਾਰੇ ਆਉਂਦੇ ਹਨ ਤਦ ਪਹਿਲਾਂ ਆ ਕੇ ਪੁੱਛ ਲਿਆ ਕਰੋ ਕਿ ਸੇਵਾ ਵਿੱਚ ਕੀ ਚਾਹੀਦਾ ਹੈ।

**ਜਿਸ ਨੋ ਪਰਤੀਤਿ ਹੋਵੈ**

**ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥**

ਸਾਡੇ ਹਜ਼ੂਰ ਦੇ ਬਚਨ ਹਨ ਅਤੇ ਇਸ ਸੰਸਥਾ ਦੀ ਪ੍ਰੰਪਰਾ ਹੈ ਕਿ ਅਸੀਂ ਨਾਮ ਤੋਂ ਬਿਨਾਂ ਕੋਈ ਹੋਰ ਸ਼ਬਦ ਨਹੀਂ ਪੜ੍ਹਨੇ।

*ਸੜ ਜਾਏ ਵੋਹ ਸਭਾ ਉਪਮਾ ਨਹੀਂ ਜਹਾਂ ਨਾਮ ਕੀ।*

*ਦੂਲਹੇ ਬਿਨਾਂ ਬਰਾਤ ਦੱਸੋ ਕਿਸ ਕਾਮ ਕੀ।*

ਇਕੱਠ ਕੀਤਾ ਜਾ ਸਕਦਾ ਹੈ ਪਰ ਬਰਾਤ ਉਦੋਂ ਹੀ ਬਣੇਗੀ ਜਦੋਂ ਵਿੱਚ ਦੂਲਹਾ ਹੋਵੇਗਾ। ਜਿਸ ਬਰਾਤ ਵਿੱਚ ਦੂਲਹਾ ਨਹੀਂ ਹੈ ਉਸ ਨੂੰ ਲੋਕ ਘਰ ਨਹੀਂ ਵੜਨ ਦਿੰਦੇ। ਜਿਸ ਬਰਾਤ ਵਿੱਚ ਦੂਲਹਾ ਹੈ ਉਸ ਬਰਾਤ ਦੇ ਵਿੱਚ ਪੰਜਾਹ ਜਾਂ ਸੌ ਜੀਵ ਵੱਧ ਵੀ ਆ ਜਾਣ ਉਹ ਵੀ ਮਨਜ਼ੂਰ ਹੁੰਦਾ ਹੈ। ਉਹਨਾਂ ਨੂੰ ਵੀ ਸਤਿਕਾਰ ਦਿੱਤਾ ਜਾਂਦਾ ਹੈ। ਅਗਰ ਕਿਤੇ ਪਿੰਡ ਵਾਲਿਆਂ ਨੂੰ ਪਤਾ ਲੱਗ ਜਾਵੇ ਕਿ ਬਰਾਤ ਹੀ ਆਈ ਹੈ ਵਿੱਚ ਦੂਲਹਾ ਨਹੀਂ ਹੈ ਤਦ ਪਿੰਡ ਵਾਲੇ ਬਰਾਤ ਨੂੰ ਡਾਂਗਾਂ ਮਾਰ-ਮਾਰ ਕੇ ਭਜਾ ਦਿੰਦੇ ਹਨ ਕਿ ਤੁਸੀਂ ਕੀ ਲੈਣ ਆਏ ਹੋ। ਇਸ ਤਰ੍ਹਾਂ ਸਾਧੂ ਦੀ ਸੰਗਤ ਵਿੱਚ ਜਿਸ ਭਾਸ਼ਨ, ਕੀਰਤ, ਕਥਾ, ਵਿਚ ਗੁਰਬਾਣੀ ਦੀ ਸ਼ੋਭਾ ਨਹੀਂ ਹੈ ਉਹ ਸੱਚੀ ਕਥਾ ਜਾਂ ਗੁਰਬਾਣੀ ਦਾ ਗਾਇਨ ਨਹੀਂ ਹੈ। ਵਰਨਾ ਅਸੀਂ ਬਹੁਤ ਸਾਰੇ ਭਾਸ਼ਨਾਂ ਅਤੇ ਕਥਾ ਵਿੱਚ ਦੇਖਿਆ ਹੈ ਕਿ ਗੁਰਬਾਣੀ ਦੀ ਇੱਕ ਤੁਕ ਪੜ੍ਹਦੇ ਹਨ ਅਤੇ ਬਾਕੀ ਜਿਉਂ ਕਥਾ ਸ਼ੁਰੂ ਕਰਦੇ ਹਨ ਕਿ ਫਲ੍ਹਾਣੇ ਸ਼ਹੀਦ ਹੋਏ ਸੀ, ਉਹਨਾਂ ਨੇ ਲੜਾਈ ਲੜੀ, ਤੇਗ ਮਾਰੀ, ਖਾਨ ਪਿੱਛੇ ਡਿੱਗ ਪਿਆ ਜਾਂ ਸਿੰਘ ਦੇ ਘੋੜੇ ਤੋਂ ਡਿੱਗਦੇ ਸਾਰ ਵੈਰੀ ਆ ਗਿਆ ਅਤੇ ਸਿੰਘ ਸੂਰਮਾ ਸ਼ਹੀਦੀ ਪਾ ਗਿਆ, ਬੋਲੋ

*ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।*

ਜਾਂ ਜੋ ਵੀ ਸਾਧੂ ਅਤੇ ਜਰਨੈਲ ਹੋਏ ਹਨ ਉਹਨਾਂ ਦੇ ਕੋਈ ਪੁਰਬ ਮਨਾਉਂਦੇ ਹੋ ਤਾਂ ਦੱਸੋ ਕਿ ਉਹਨਾਂ ਨੇ ਆਹ ਕਾਰਨਾਮਾ ਕੀਤਾ ਸੀ। ਅੱਗੋਂ ਪਿੱਛੋਂ ਇਹੋ ਜਿਹੀਆਂ ਕਹਾਣੀਆਂ ਕਥਾ ਨਹੀਂ ਹਨ। ਪਹਿਲਾਂ ਕਿਤੇ ਇੱਕ ਸ਼ਹੀਦ ਦਾ ਗੁਰਦੁਆਰਾ ਹੁੰਦਾ ਸੀ। ਹੁਣ ਜਿੱਥੇ ਵੀ ਚਲੇ ਜਾਉ ਕਹਿਣਗੇ ਸ਼ਹੀਦਾਂ ਦੇ ਗੁਰਦੁਆਰੇ ਚੱਲੇ ਹਾਂ। ਹੁਣ ਅਰਦਾਸਾਂ ਵਿੱਚ ਵੀ ਇਹੋ ਬੋਲਦੇ ਹਨ ਕਿ ਉਠੋ ਸ਼ਹੀਦੋ! ਕੌਮ ਉੱਪਰ ਸੰਕਟ ਆਇਆ ਹੈ, ਆ ਕੇ ਕੌਮ ਦੀ ਰੱਖਿਆ ਕਰੋ। ਕੋਈ ਇਹ ਅਰਦਾਸ ਨਹੀਂ ਕਰਦਾ ਕਿ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆ ਕੇ ਸਾਡੀ ਸਹਾਇਤਾ ਜਾਂ ਰੱਖਿਆ ਕਰੋ। ਸਗੋਂ ਪਹਿਲਾਂ ਇਹ ਅਰਦਾਸ ਕਰਦੇ ਹੁੰਦੇ ਸੀ ਕਿ

*ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ।*

*ਸੋ ਹਮਰੀ ਰੱਖਿਆ ਕਰੇ ਗੁਰੂ ਕਲਗੀਧਰ ਜਗਦੀਸ਼।*

ਉਦੋਂ ਲੋਕ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੂੰ ਅਵਾਜ਼ਾਂ ਮਾਰਦੇ ਸੀ। ਪਰ ਹੁਣ ਸ਼ਹੀਦਾਂ ਨੂੰ ਬੁਲਾਉਂਦੇ ਹਨ। ਵਾਸਤਵ ਵਿੱਚ ਆਹਿਸਤਾ-ਆਹਿਸਤਾ ਅਸੀਂ ਭਗਤੀ ਤੋਂ, ਗੁਰੂ ਤੋਂ, ਗੁਰਬਾਣੀ ਤੋਂ ਪਿੱਛੇ ਹਟਦੇ ਜਾ ਰਹੇ ਹਾਂ ਅਤੇ ਸਹੀਦਾਂ ਨੂੰ ਮਾਣ ਵਡਿਆਈ ਦੇ ਰਹੇ ਹਾਂ। ਬਾਬਾ ਦੀਪ ਸਿੰਘ ਜੀ ਨਾਲੋਂ ਵੱਡੇ ਸ਼ਹੀਦ ਹੋਰ ਕੌਣ ਹੋ ਸਕਦੇ ਹਨ ਪਰ ਉਹਨਾਂ ਨੇ ਵੀ ਆਪਣਾ ਸੀਸ ਗੁਰਬਾਣੀ ਦੀ ਸ਼ਰਨ ਵਿਚ ਅਰਪਣ ਕੀਤਾ ਸੀ। ਸੋਈ ਸਾਨੂੰ ਚਾਹੀਦਾ ਹੈ ਕਿ ਗੁਰਬਾਣੀ ਦਾ ਗੁਣਗਾਨ ਕਰੀਏ ਕਿਉਂਕਿ

ਗੁਰੂ ਘਰ ਵਿੱਚ ਉਸ ਸਚੇ ਘਰ ਵਿੱਚ ਗੁਰਬਾਣੀ ਦਾ ਗਾਇਆ ਹੀ ਪ੍ਰਵਾਨ ਹੈ।

**ਜੋ ਬਿਨੁ ਪਰਤੀਤੀ ਕਪਟੀ**
**ਕੂੜੀ ਕੂੜੀ ਅਖੀ ਮੀਟਦੇ**
**ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥**

ਜਿਹੜੇ ਉਂਝ ਹੀ ਅੱਖਾਂ ਮੀਟ-ਮੀਟ ਕੇ ਕਿਸੇ ਸ਼ਬਦ ਦਾ ਜਾਪ ਕਰੀ ਜਾਂਦੇ ਹਨ ਜਾਂ ਕੁਝ ਹੋਰ ਕਰੀ ਜਾਂਦੇ ਹਨ ਉਹ ਸਿਰਫ ਦਿਖਾਵਾ ਹੈ। ਉਹਨਾਂ ਦਾ ਅਭਿਮਾਨ ਅੱਜ ਵੀ ਲੱਥਾ ਅਤੇ ਕੱਲ ਵੀ ਲੱਥਾ ਸਮਝੋ।

**ਜੇਤਾ ਜੀਉ ਪਿੰਡੁ ਸਭੁ ਤੇਰਾ**
**ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥**

ਮਾਲਿਕ ਅੰਤਰਜਾਮੀ ਹਨ, ਭਗਵਾਨ ਹਨ। ਉਹ ਜਾਣਦੇ ਹਨ ਕਿ ਅਸੀਂ ਕੀ ਕਰ ਰਹੇ ਹਾਂ। ਸਾਡੇ ਵਿਚਾਰ ਕੀ ਹਨ ਅਤੇ ਸਾਡੀ ਸੋਚ ਕੀ ਹੈ? ਕੱਲ ਸਾਡੇ ਕਿਸੇ ਰਿਸ਼ਤੇਦਾਰ ਦੀ ਮੌਤ ਹੋਈ। ਜਦੋਂ ਅਸੀਂ ਉੱਥੇ ਗਏ ਰਸਤੇ ਵਿੱਚ ਸੋਚ ਰਹੇ ਸੀ ਕਿ

*ਬਿਠਾਇਆ ਜਿਨ੍ਹਾ ਨੂੰ ਮੈਂ ਪਲਕਾ ਦੀ ਛਾਵੇਂ।*
*ਉਹ ਬਲਦੀ ਹੋਈ ਅੱਗ ਤੇ ਬਿਠਾ ਕੇ ਚਲਣਗੇ।*

ਇਸ ਗੀਤ ਦੀ ਪੰਕਤੀਆਂ ਬਹੁਤ ਵਧੀਆ ਹਨ ਕਿ ਜਿਨ੍ਹਾਂ ਨੂੰ ਮੈਂ ਅੱਖਾਂ ਦੀਆਂ ਪਲਕਾਂ 'ਤੇ ਬਿਠਾ ਕੇ ਰੱਖਦਾ ਸੀ ਉਹਨਾਂ ਨੇ ਮੈਨੂੰ ਅੱਜ ਅੱਗ ਤੇ ਬਿਠਾ ਕੇ ਤੁਰ ਪੈਣਾ ਹੈ। ਇਨਸਾਨ ਬੱਚਿਆਂ ਨੂੰ ਅੱਖਾਂ ਦੇ ਤਾਰੇ ਸਮਝ ਕੇ ਉਹਨਾਂ ਦੀ ਪਰਵਰਿਸ਼ ਕਰਦਾ ਹੈ। ਉਹੋ ਬੱਚੇ ਉਸ ਦੇਹ ਨੂੰ ਅੱਗ ਉੱਪਰ ਰੱਖ ਕੇ ਤੁਰ ਪੈਂਦੇ ਹਨ। ਇਹ ਗੱਲ ਸੱਚੀ ਹੈ। ਪਰ ਕਿੱਥੋਂ ਤੱਕ ਸੱਚੀ ਹੈ? ਇਸ ਦਾ ਕੋਈ ਭੇਦ ਨਹੀਂ ਜਾਣਦਾ। ਸੋਈ ਤੁਸੀਂ ਜਿਸ ਵੀ ਸਮਾਗਮ ਵਿੱਚ ਜਾਂਦੇ ਹੋ। ਉਸ ਸਮਾਗਮ ਵਿੱਚ ਜਾ ਕੇ ਉੱਥੋਂ ਦੀ ਲੀਲਾ ਦੇਖੋ ਕਿ ਜਿਹੜੇ ਬੱਚੇ ਦੇ ਪੈਰ ਨੂੰ ਮਾਤਾ ਪਿਤਾ ਮਿੱਟੀ ਨਹੀਂ ਲੱਗਣ ਦਿੰਦੇ। ਉਹੋ ਬੱਚੇ ਮਾਤਾ ਪਿਤਾ ਦੇ ਸਵਰਗਵਾਸ ਹੋ ਜਾਣ 'ਤੇ ਉਹਨਾਂ ਦਾ ਸਸਕਾਰ ਕਰ ਦਿੰਦੇ ਹਨ ਅਤੇ ਉਹੋ ਦੇਹ ਮਿੱਟੀ ਵਿੱਚ ਰੁਲਦੀ ਹੈ।

*ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥*
*ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥*

*(ਅੰਗ 1379)*

ਸੋਈ ਅਸਲੀਅਤ ਨੂੰ ਜਾਨਣ ਲਈ ਜਦੋਂ ਤੁਸੀਂ ਕਿਸੇ ਜਗ੍ਹਾ ਵੀ ਜਾ ਕੇ ਮਾਲਿਕ ਦੀ ਹੋਂਦ ਨੂੰ ਲੱਭੋਗੇ ਤਦ ਮਾਲਿਕ ਤੁਹਾਨੂੰ ਉੱਥੇ ਵੀ ਸੋਝੀ ਬਖਸ਼ਣਗੇ। ਜਦੋਂ ਜ਼ਿੰਦਗੀ ਦੇ ਹਰ ਪਹਿਲੂ 'ਤੇ ਮਾਲਿਕ ਨੂੰ ਹਰ ਘਟ ਵਿੱਚ ਦੇਖਾਂਗੇ ਫੇਰ ਮਾਲਿਕ ਜੀਵ ਨੂੰ ਹਰ ਜਗ੍ਹਾ ਜਾਂ ਹਰ ਘਟ ਵਿੱਚ ਵੱਸ ਕੇ ਸੋਝੀ ਬਖਸ਼ਦੇ ਹਨ।

**ਦਾਸਨਿ ਦਾਸੁ ਕਹੈ ਜਨੁ ਨਾਨਕੁ**
**ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥੪॥**

ਹਜ਼ੂਰ ਚੌਥੇ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਹਜ਼ੂਰ ਅਸੀਂ ਤੁਹਾਡੇ ਦਾਸਾਂ ਦੇ ਦਾਸ ਹਾਂ। ਪਰ ਜਿਸ ਤਰ੍ਹਾਂ ਤੁਹਾਨੂੰ ਚੰਗਾ ਲੱਗਦਾ ਹੈ ਮੇਰੇ ਕੋਲੋਂ ਉਸੇ ਤਰ੍ਹਾਂ ਦੀਆਂ ਗੱਲਾਂ ਕਰਵਾਉ। ਵਿਖਿਆਨ ਕਰਾਉਣਾ ਤੋਂ ਭਾਵ ਹੈ ਕਥਾ ਜਾਂ ਵਿਆਖਿਆ ਕਰਾਉਣੀ। ਸੋਈ ਕੋਈ ਜੀਵ ਆਪ ਕਥਾ ਨਹੀਂ ਕਰ ਸਕਦਾ। ਹਜ਼ੂਰ ਹੀ ਵਿਆਖਿਆ ਕਰਵਾਉਂਦੇ ਹਨ। ਉਹ ਜੀਵ ਚੰਗੀ ਕਰਦਾ ਹੈ ਜਾਂ ਕਿਸੇ ਤਰ੍ਹਾਂ ਦੀ ਵੀ ਕਰਦਾ ਹੈ ਉਸ ਤੋਂ ਹਜ਼ੂਰ ਹੀ ਕਰਵਾਉਂਦੇ ਹਨ ਕਿਉਂਕਿ

*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥*

*(ਅੰਗ 292)*

ਸੱਚੇ ਪਾਤਿਸ਼ਾਹੋ! ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲਉ ਅਤੇ ਮੇਰੇ ਕੋਲੋਂ ਉਹ ਗੱਲ ਜਾਂ ਕਥਾ ਕਰਵਾਇਉ ਜਿਹੜੀ ਤੁਹਾਨੂੰ ਚੰਗੀ ਲੱਗਦੀ ਹੈ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ ਸੰਗ੍ਰਾਂਦ ਮਹੀਨਾ ਭਾਦੋਂ

**ਤੁਖਾਰੀ ਛੰਤ ਮਹਲਾ ੧ ਬਾਰਹਮਾਹਾ (ਅੰਗ 1108)**
**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**

ਭਾਦੋਂ ਦਾ ਮਹੀਨਾ 16.8.2010 ਸੋਮਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰ ਵਿੱਚ ਵਾਧੇ ਨਾਮ ਦੀ ਦਾਤ ਬਖਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਭਾਦੋਂ ਦੇ ਮਹੀਨੇ ਨੂੰ ਕਨੇਤ ਦਾ ਮਹੀਨਾ ਵੀ ਕਹਿੰਦੇ ਹਨ ਕਿਉਂਕਿ ਇਸ ਮਹੀਨੇ ਵਿੱਚ ਬਹੁਤ ਸਾਰੇ ਭਰਮ ਪੈਂਦੇ ਹਨ। ਹਜ਼ੂਰ ਨੇ ਤੁਖਾਰੀ ਰਾਗ ਅਤੇ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਭੇਦ ਬਖਸ਼ਿਸ਼ ਕੀਤਾ ਹੈ ਕਿ ਇਹ ਭਰਮ ਕਿਵੇਂ ਦੂਰ ਹੋ ਸਕਦੇ ਹਨ। ਇਸ ਕਰਕੇ ਆਪਾਂ ਵਹਿਮਾਂ ਵਿੱਚ ਨਾ ਪੈ ਕੇ ਗੁਰਬਾਣੀ ਵਿੱਚ ਉਹਨਾਂ ਵਹਿਮਾਂ ਦਾ ਜੋ ਹੱਲ ਬਖਸ਼ਿਆ ਹੈ ਉਹਨਾਂ ਉੱਪਰ ਅਮਲ ਕਰਕੇ ਵਹਿਮਾਂ ਤੋਂ ਬਚਣਾ ਹੈ ਤਾਂ ਕਿ ਅਸੀਂ ਗੁਰਬਾਣੀ ਦੀ ਓਟ ਰੱਖ ਕੇ ਗੁਰੂ ਘਰ ਦੀ ਸ਼ਰਨ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਭੇਦ ਬਖਸ਼ ਰਹੇ ਹਨ ਕਿ ਜਦੋਂ ਇਨਸਾਨ ਭਰ ਜੋਬਨ ਅਰਥਾਤ ਜੁਆਨੀ ਵਿੱਚ ਹੁੰਦਾ ਹੈ ਉਹ ਬਹੁਤ ਵਹਿਮਾਂ ਭਰਮਾਂ ਵਿੱਚ ਪੈਂਦਾ ਹੈ। ਸ਼ੰਕਿਆਂ ਵਿੱਚ ਪੈਂਦਾ ਹੈ। ਇਨਸਾਨ ਜੁਆਨ ਉਮਰ ਵਿੱਚ ਬਹੁਤ ਗਲਤੀਆਂ ਅਤੇ ਅਵੱਗਿਆ ਵੀ ਕਰਦਾ ਹੈ। ਪਰ ਉਹ ਅਵੱਗਿਆ ਕਰਕੇ ਵੀ ਇਹ ਨਹੀਂ ਸਮਝਦਾ ਕਿ ਮੈਂ ਕੋਈ ਅੱਵਗਿਆ, ਗਲਤੀ ਕੀਤੀ ਹੈ ਤਦ ਮੇਰਾ ਇਹ ਨੁਕਸਾਨ ਹੋ ਰਿਹਾ ਹੈ ਜਾਂ ਕੰਮ ਵਿੱਚ ਵਿਘਨ ਪੈ ਰਿਹਾ ਹੈ। ਉਹ ਵਹਿਮਾਂ ਵਿੱਚ ਪੈਂਦਾ ਹੈ ਕਿ ਫਲਾਣਾ ਰਿਸ਼ਤੇਦਾਰ ਜਾਂ ਗੁਆਂਢੀ ਆਇਆ ਸੀ ਸ਼ਾਇਦ ਉਸ ਨੇ ਕੁਝ ਕਰ ਦਿੱਤਾ ਹੈ। ਇਹ ਠੀਕ ਹੈ ਕਿ ਐਸੀਆਂ ਸ਼ਕਤੀਆਂ ਹਨ ਜੋ ਐਕਸ਼ਨ ਕਰਦੀਆਂ ਹਨ ਪਰ ਉਹ ਸ਼ਕਤੀਆਂ ਉੱਥੇ ਐਕਸ਼ਨ ਕਰਦੀਆਂ ਹਨ ਜਿੱਥੇ ਜੀਵ ਕੋਲੋਂ ਭੁੱਲ ਜਾਂ ਗਲਤੀ ਹੋਈ ਹੋਵੇ।

**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**

ਪਹਿਲੇ ਸਮਿਆਂ ਵਿੱਚ ਬਿਜਲੀ ਦੇ ਜਾਂ ਟਿਊਬਵੈਲਾਂ ਦੇ ਸਾਧਨ ਨਹੀਂ ਹੁੰਦੇ ਸਨ। ਉਦੋਂ ਖੂਹ ਹੁੰਦੇ ਸਨ ਉਨ੍ਹਾਂ ਦੀਆਂ ਮਿੱਟੀ ਦੀਆਂ ਟਿੰਡਾਂ ਹੁੰਦੀਆਂ ਸਨ। ਫੇਰ ਲੋਹੇ ਦੀਆਂ ਟਿੰਡਾਂ ਆ ਗਈਆਂ। ਜਦੋਂ ਮਿੱਟੀ ਦੀਆਂ ਟਿੰਡਾਂ ਹੁੰਦੀਆਂ ਸਨ ਉਹਨਾਂ ਉੱਪਰ ਮੁੰਜ ਦੀ ਰੱਸੀ ਪਾਈ ਹੁੰਦੀ ਸੀ। ਦੁਸ਼ਮਨ ਲੋਕ ਸ਼ਰਾਰਤ ਨਾਲ ਰੱਸੀ ਵੱਢ ਕੇ ਸਾਰਾ ਕੁਝ ਖਰਾਬ ਕਰ ਦਿੰਦੇ ਸਨ। ਫੇਰ ਲੋਕਾਂ ਨੇ ਲੋਹੇ ਦੀਆਂ ਟਿੰਡਾਂ ਵੀ ਤੋੜ ਕੇ ਖੂਹ ਵਿੱਚ ਸੁੱਟ ਦੇਣੀਆਂ। ਪਰ ਉਸ ਵਕਤ ਖੂਹਾਂ ਦਾ ਸਾਧਨ ਵੀ ਬਹੁਤ ਘੱਟ ਲੋਕਾਂ ਕੋਲ ਹੁੰਦਾ ਸੀ। ਬਹੁਤੇ ਲੋਕ ਬਾਰਿਸ਼ ਉੱਪਰ ਹੀ ਨਿਰਭਰ ਕਰਦੇ ਸਨ ਕਿਉਂਕਿ ਸਾਵਣ ਦੇ ਮਹੀਨੇ ਵਿੱਚ ਬਾਰਿਸ਼ਾਂ ਪੈਂਦੀਆਂ ਸਨ। ਮਾਨਸੂਨ ਹਵਾਵਾਂ ਆਉਂਦੀਆਂ ਸਨ। ਅੱਜ ਕੱਲ ਐਟਮ ਦੇ ਪ੍ਰਯੋਗ ਕਰਨ ਨਾਲ ਬਾਰਿਸ਼ਾਂ ਅੱਗੇ ਪਿੱਛੇ ਹੁੰਦੀਆਂ ਹਨ। ਪਹਿਲਾਂ ਇਹਨਾਂ ਮਹੀਨਿਆਂ ਵਿੱਚ ਖੂਬ ਬਾਰਿਸ਼ ਪੈਂਦੀ ਸੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਬਾਹਰ ਜਲ ਥਲ ਹੋਇਆ ਹੁੰਦਾ ਹੈ ਅਤੇ ਜਿੰਮੀਦਾਰ ਖੁਸ਼ੀਆਂ ਮਨਾਉਂਦਾ ਹੈ ਕਿ ਬਾਰਿਸ਼ ਹੋਈ ਹੈ ਮੇਰੀ ਫਸਲ ਵਧੀਆ ਹੋਵੇਗੀ। ਉਸ ਪਾਣੀ ਵਿੱਚ ਬਿੱਛੂ, ਠੂਹੇਂ ਅਤੇ ਸੱਪ ਵੀ ਤੁਰੇ ਫਿਰਦੇ ਹਨ। ਉਹ ਡੰਗਦੇ ਫਿਰਦੇ ਹਨ। ਇਸ ਕਰਕੇ ਜੋ ਜੀਵ ਮਾੜਾ ਕਰਮ ਕਰਦਾ ਹੈ ਜਾਂ ਮਾੜੇ ਖੇਲ ਦੀ ਰਚਨਾ ਕਰਦਾ ਹੈ ਉਹ ਆਪਣੇ ਦਾਅ 'ਤੇ ਰਹਿੰਦਾ ਹੈ।

**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ**
**ਦਾਦਰ ਮੋਰ ਲਵੰਤੇ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੋਰ ਅਤੇ ਪਪੀਹੇ ਬਹੁਤ ਵਧੀਆ ਬੋਲੀਆਂ ਬੋਲਦੇ ਹਨ। ਜਦੋਂ ਘਟਾ ਆਉਂਦੀ ਹੈ ਉਦੋਂ ਉਹ ਖੁਸ਼ੀਆਂ ਮਨਾਉਂਦੇ ਹਨ। ਜਦੋਂ ਬੱਦਲ ਛਾ ਜਾਂਦੇ ਹਨ ਤਦ ਮੋਰ ਪੈਲਾਂ ਪਾਉਂਦੇ ਹਨ ਅਤੇ ਖੁਸ਼ੀਆਂ ਦੇ ਨਾਚ ਕਰਦੇ ਹਨ। ਪਰ ਕੁਝ ਗਲਤ ਅਨਸਰ ਉਸ ਸਮੇਂ ਗਲਤ ਐਕਸ਼ਨ ਕਰ ਕੇ ਜੀਵਾਂ ਨੂੰ ਦੁਖੀ ਕਰਦੇ ਹਨ।

**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ**
**ਭੁਇਅੰਗਮ ਫਿਰਹਿ ਡਸੰਤੇ॥**

ਇਕ ਪਾਸੇ ਪਪੀਹਾ ਪੁਕਾਰ ਰਿਹਾ ਹੈ ਕਿ ਸੱਚੇ ਪਾਤਿਸ਼ਾਹੋ! ਬਾਰਿਸ਼ ਪਾਉ। ਇੱਕ ਪਾਸੇ ਸੱਪ, ਠੂਹੇਂ, ਬਿੱਛੂ ਡੰਗ ਮਾਰਨ ਨੂੰ ਫਿਰਦੇ ਹਨ। ਜਦੋਂ ਤੋਂ ਦੁਨੀਆਂ ਦੀ ਰਚਨਾ ਹੋਈ ਹੈ ਉਦੋਂ ਤੋਂ ਨੇਕੀ ਅਤੇ ਬਦੀ ਨਾਲੋ ਨਾਲ ਚੱਲ ਰਹੀਆਂ ਹਨ। ਇੱਕ ਜੀਵ ਨੇਕੀ ਕਰਦਾ ਹੈ ਅਰਥਾਤ ਪਪੀਹਾ ਪੁਕਾਰ ਕਰਦਾ ਹੈ ਅਤੇ ਬਦੀ ਕਰਨ ਵਾਲੇ ਸੱਪ, ਬਿੱਛੂ ਅਤੇ ਠੂਹੇਂ ਲੋਕਾਂ ਨੂੰ ਡੰਗਦੇ ਫਿਰਦੇ ਹਨ।

**ਮਛਰ ਡੰਗ ਸਾਇਰ ਭਰ ਸੁਭਰ**
**ਬਿਨੁ ਹਰਿ ਕਿਉ ਸੁਖੁ ਪਾਈਐ॥**

ਅੱਜ ਕੱਲ ਡੇਂਗੂ ਜਾਂ ਹੋਰ ਵੀ ਕਈ ਬੁਖਾਰ ਚੜ੍ਹਦੇ ਹਨ, ਜਿੰਨ੍ਹਾ ਕਾਰਨ ਪਲੇਟਲੈਂਟਸ ਘਟ ਜਾਂਦੇ ਹਨ। ਹੋਰ ਵੀ ਇੱਕ

ਬੁਖਾਰ ਚੜ੍ਹਦਾ ਉੱਤਰਦਾ ਹੈ। ਤੁਸੀਂ ਜਰੂਰ ਕੋਸ਼ਿਸ਼ ਕਰਕੇ ਲੈਬ ਵਿੱਚੋਂ ਟੈਸਟ ਟਾਈਮ ਨਾਲ ਕਰਵਾ ਲਿਆ ਕਰੋ। ਕੁਝ ਐਸੇ ਮੱਛਰ ਆਏ ਹਨ ਜੋ ਜੀਵ ਦੇ ਬਲੱਡ ਵਿੱਚ ਇੰਨਫੈਕਸ਼ਨ ਕਰ ਦਿੰਦੇ ਹਨ ਅਤੇ ਜਾਨ ਦਾ ਸੰਸਾ ਬਣ ਜਾਂਦਾ ਹੈ। ਛੋਟੇ ਛੋਟੇ ਬੱਚਿਆਂ ਉੱਪਰ ਇੰਨਫੈਕਸ਼ਨ ਜਿਆਦਾ ਅਸਰ ਕਰਦੀ ਹੈ। ਸੋਈ ਇਸ ਮਹੀਨੇ ਵਿੱਚ ਜਿੱਥੇ ਬਨਸਪਤੀ ਵਧੀਆ ਮੌਲਦੀ ਹੈ, ਫੁੱਲ ਖਿੜਦੇ ਹਨ, ਹਰਿਆਲੀ ਆਉਂਦੀ ਹੈ। ਪਰ ਇਸ ਸਮੇਂ ਉਲਟ ਕੰਮ ਵੀ ਹੁੰਦਾ ਹੈ। ਬੀਮਾਰੀਆਂ ਜਿਆਦਾ ਫੈਲਦੀਆਂ ਹਨ ਕਿਉਂਕਿ ਇੱਕ ਤਾਂ ਪਾਣੀ ਗੰਦਾ ਹੋ ਜਾਂਦਾ ਹੈ। ਰੂੜੀ ਅਤੇ ਗੰਦਗੀ ਦੇ ਢੇਰ ਪਾਣੀ ਕਾਰਨ ਬਦਬੂ ਮਾਰ ਜਾਂਦੇ ਹਨ ਅਤੇ ਮੱਛਰ ਡੰਗ ਮਾਰਦੇ ਹਨ। ਹਿੰਦੁਸਤਾਨ ਨੇ ਮਲੇਰੀਏ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਖਤਮ ਨਹੀਂ ਹੋਇਆ। ਅਜੇ ਵੀ ਹੈ। ਮੱਛਰ ਬਹੁਤ ਖਤਰਨਾਕ ਹੁੰਦਾ ਹੈ। ਅੱਜਕੱਲ ਜਾਲੀਆਂ ਵਾਲੇ ਦਰਵਾਜੇ ਲੱਗ ਗਏ ਹਨ ਪਹਿਲੇ ਸਮੇਂ ਵਿੱਚ ਫੌਜੀਆਂ ਨੇ ਜਦੋਂ ਛੁੱਟੀ ਆਉਣਾ ਉਹਨਾਂ ਨੇ ਮੱਛਰਦਾਨੀ ਲਗਾ ਕੇ ਸੋਣਾ। ਤਦ ਗੁਆਂਢੀਆਂ ਨੇ ਕਹਿਣਾ ਕਿ ਇਸ ਤਰ੍ਹਾਂ ਦੀ ਇੱਕ ਸਾਨੂੰ ਵੀ ਲਿਆ ਦੇ ਤਾਂ ਕਿ ਅਸੀਂ ਵੀ ਲਾ ਕੇ ਮੱਛਰ ਤੋਂ ਬਚ ਸਕੀਏ। ਸੋਈ ਇਸ ਮਹੀਨੇ ਵਿੱਚ ਅੱਛਾਈ ਦੇ ਨਾਲ ਨਾਲ ਬੁਰਾਈ ਵੀ ਚਲਦੀ ਹੈ। ਪਰ ਅਸੀਂ ਬੁਰਾਈ ਤੋਂ ਨਾ ਭੱਜ ਕੇ ਉਸ ਦਾ ਟਾਕਰਾ ਕਰਨਾ ਹੈ। ਜੋ ਗਲਤ ਕੰਮ ਅਤੇ ਗਲਤ ਵਿਹਾਰ ਕਰਦੇ ਹਨ ਉਹਨਾਂ ਦਾ ਦਲੇਰੀ ਨਾਲ ਮੁਕਾਬਲਾ ਕਰਕੇ ਉਹਨਾਂ ਦੇ ਗਲਤ ਇਰਾਦਿਆਂ ਨੂੰ ਕਾਮਯਾਬ ਨਹੀਂ ਹੋਣ ਦੇਣਾ। ਦੁਨੀਆਂ ਸ਼ਾਂਤੀ ਚਾਹੁੰਦੀ ਹੈ ਅਤੇ ਆਪਾਂ ਵੀ ਇਹੋ ਅਰਦਾਸ ਕਰਦੇ ਹਾਂ ਕਿ

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਅੰਗ 853)*

ਪਰ ਜੋ ਐਕਸਪਲੋਜ਼ਿਵ ਲੈ ਕੇ ਤੁਰੇ ਫਿਰਦੇ ਹਨ ਉਹਨਾਂ ਦਾ ਕੋਈ ਭਰਾ, ਜਾਤ ਜਾਂ ਮਜਹਬ ਨਹੀਂ ਹੈ। ਜਿੱਥੇ ਵੀ ਭੀੜ ਦੇਖਦੇ ਹਨ ਉੱਥੇ ਹੀ ਐਕਸ਼ਨ ਕਰ ਦਿੰਦੇ ਹਨ। ਇਸ ਤਰ੍ਹਾਂ ਦੁਨੀਆਂ ਦੇ ਵਿੱਚ ਹਰ ਤਰ੍ਹਾਂ ਦੇ ਲੋਕ ਹਨ।

**ਨਾਨਕ ਪੂਛਿ ਚਲਉ ਗੁਰ ਅਪੁਨੇ**
**ਜਹ ਪ੍ਰਭੁ ਤਹ ਹੀ ਜਾਈਐ ॥੧੦॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿੰਦਗੀ ਵਿੱਚ ਵਿਚਰਨ ਲਈ ਜਦੋਂ ਤੁਸੀਂ ਸਾਧੂ ਦੀ ਸੰਗਤ ਕਰਦੇ ਹੋ ਉਦੋਂ ਕੋਈ ਕਾਰੋਬਾਰ, ਰਿਸ਼ਤੇਦਾਰੀ ਜਾਂ ਹੋਰ ਕੋਈ ਕੰਮ ਕਰਨਾ ਹੈ ਤਦ ਜਰੂਰ ਉਹਨਾਂ ਕੋਲੋਂ ਆਗਿਆ ਲਉ, ਉਹਨਾਂ ਨੂੰ ਪੁੱਛੋ, ਸਲਾਹ ਲਉ।

*ਲੋਕ ਕਹੇਂ ਕਾਨਨ ਕੀ ਸਾਖੀ।*
*ਸੰਤ ਕਹੇਂ ਨੈਨਨ ਕੀ ਪੇਖੀ।*

ਲੋਕ ਸੁਣੀਆਂ ਸੁਣਾਈਆਂ ਗੱਲਾਂ ਅਗਾਂਹ ਕਰਦੇ ਹਨ ਪਰ ਸੰਤ ਅੰਤਰਜਾਮਤਾ ਅਤੇ ਭਾਖਿਆ ਦੁਆਰਾ ਸਭ ਦੇਖਦੇ ਹਨ ਕਿ ਆਉਣ ਵਾਲਾ ਸਮਾਂ ਕਿਸ ਤਰ੍ਹਾਂ ਦਾ ਹੈ। ਇਹ ਭਾਦੋਂ ਦਾ ਮਹੀਨਾ ਸੱਚਮੁੱਚ ਹੀ ਵਹਿਮਾਂ ਭਰਮਾਂ ਵਾਲਾ ਹੈ ਇਸ ਮਹੀਨੇ ਵਿੱਚ ਅਗਰ ਤੁਹਾਨੂੰ ਕੋਈ ਸ਼ੰਕਾ ਪੈਂਦਾ ਹੁੰਦਾ ਹੈ ਤਦ ਜਰੂਰ ਪੁੱਛ ਲਵੋ ਕਿ ਸਾਨੂੰ ਇੰਝ ਮਹਿਸੂਸ ਹੋਇਆ ਹੈ ਇਸ ਦਾ ਕੀ ਹੱਲ ਹੈ ?

ਅਸੀਂ ਤੁਹਾਨੂੰ ਵੈਸੇ ਵੀ ਦੱਸਦੇ ਰਹਿੰਦੇ ਹਾਂ ਕਿ ਅਗਰ ਖ਼ੂਨ ਦੇ ਛਿੱਟੇ ਪੈਣ, ਪਾਣੀ ਦੇ ਛਿੱਟੇ ਆ ਕੇ ਪੈਣ ਤਦ ਸਮਝੋ ਕੋਈ ਮੰਤਰ ਤੰਤਰ ਕਰ ਰਿਹਾ ਹੈ। ਉਸ ਬਾਰੇ ਤੁਹਾਨੂੰ ਦੱਸਿਆ ਹੈ ਕਿ ਅਗਰ ਕੋਈ ਟੂਣਾ ਕੀਤਾ ਹੁੰਦਾ ਹੈ ਤਦ ਉਸਨੂੰ ਸਾੜਨਾ ਨਹੀਂ ਹੈ। ਉਸ ਨੂੰ ਕਿਸੇ ਰੂੜੀ ਉੱਪਰ ਜਾਂ ਨਾਲੀ ਵਿੱਚ ਨਹੀਂ ਸੁੱਟਣਾ। ਉਸ ਨੂੰ ਇੱਕਠਾ ਕਰਕੇ ਵਗਦੇ ਜਲ ਵਿੱਚ ਜਲ ਪ੍ਰਵਾਹ ਕਰ ਦਿਉ। ਦੋ ਤਿੰਨ ਜੀਵ ਜਲ-ਪ੍ਰਵਾਹ ਕਰਨ ਲਈ ਜਾਵੋ ਅਤੇ ਰਸਤੇ ਵਿੱਚ ਸਿਮਰਨ ਕਰਦੇ ਜਾਵੋ। ਅਗਰ ਖ਼ੂਨ ਦੇ ਛਿੱਟੇ ਪਏ ਹਨ ਤਦ ਉਸ ਨੂੰ ਧੋ ਕੇ ਜੋ ਪਾਣੀ ਹੈ ਉਸ ਨੂੰ ਵੀ ਵਗਦੇ ਜਲ ਵਿੱਚ ਜਲ-ਪ੍ਰਵਾਹ ਕਰੋ ਫੇਰ ਤੁਹਾਨੂੰ ਕੋਈ ਆਂਚ ਨਹੀਂ ਆਵੇਗੀ। ਫੇਰ ਇਹ ਚੁੱਕਣ ਤੋਂ ਬਾਅਦ ਉੱਥੇ ਬੈਠ ਕੇ ਸਿਮਰਨ ਕਰਕੇ ਮਾਲਿਕ ਨੂੰ ਬੇਨਤੀ ਕਰੋਗੇ ਤਦ ਐਕਸ਼ਨ ਕਰਨ ਵਾਲੇ ਉੱਪਰ ਵਾਪਸ ਐਕਸ਼ਨ ਹੋ ਜਾਵੇਗਾ। ਤੁਹਾਨੂੰ ਕੋਈ ਆਂਚ ਨਹੀਂ ਆਵੇਗੀ। ਭਾਦੋਂ ਦੇ ਮਹੀਨੇ ਵਿੱਚ ਬਹੁਤ ਜਿਆਦਾ ਮੰਤਰ ਤੰਤਰ ਕੀਤੇ ਜਾਂਦੇ ਹਨ। ਪਰ ਇਸ ਗੱਲ ਬਾਰੇ ਜੋ ਸ਼ੰਕਾ ਅਤੇ ਵਹਿਮ ਹੁੰਦੇ ਹਨ ਸਾਧੂਆਂ ਤੋਂ ਜਰੂਰ ਪੁੱਛਣੇ ਚਾਹੀਦੇ ਹਨ।

ਸੋਈ ਭਾਦੋਂ ਦਾ ਮਹੀਨਾ ਸੋਮਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ, ਸ਼ਾਂਤੀ, ਖੇੜੇ, ਇਤਿਫ਼ਾਕ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖ਼ਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖ਼ਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਮਾਲਕ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 134)**
**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਫ਼ੁਰਮਾਨ ਕਰ ਰਹੇ ਹਨ ਕਿ ਭਾਦੋਂ ਦਾ ਮਹੀਨਾ ਬਹੁਤ ਹੀ ਭਰਮਾਂ ਵਾਲਾ ਹੈ। ਪਰ ਭਰਮ ਉਦੋਂ ਪੈਂਦੇ ਹਨ ਜਦੋਂ ਅਸੀਂ ਆਪਣੇ ਸਤਿਗੁਰ ਆਪਣੇ ਇਸ਼ਟ ਨੂੰ ਆਪਣੇ ਮਾਲਿਕ ਨੂੰ ਭੁੱਲ ਕੇ ਦੂਜੇ ਬੰਨੇ ਜਾਂਦੇ ਹਾਂ। ਜਦੋਂ ਅਸੀਂ ਧਾਗੇ ਤਵੀਤਾਂ ਵੱਲ ਕਬਰਾਂ ਸਮਾਧਾਂ ਵੱਲ ਜਾਂਦੇ ਹਾਂ, ਫੇਰ ਇਹ ਕਰਮ ਐਕਸ਼ਨ ਕਰਦਾ ਹੈ। ਜਿਹੜਾ ਜੀਵ ਆਪਣੇ ਇਸ਼ਟ ਅਤੇ ਆਪਣੇ ਸੰਤਾਂ ਦੇ ਬਚਨਾਂ ਉੱਪਰ ਕਾਇਮ ਰਹਿੰਦਾ ਹੈ ਉਸਨੂੰ ਕੋਈ ਭਰਮ ਨਹੀਂ ਪੈਂਦਾ ਹੈ। ਕਾਲ ਜਦੋਂ ਤੱਕ ਜੀਵ ਨੂੰ ਆਪਣੇ ਇਸ਼ਟ ਤੋਂ ਨਹੀਂ ਡੇਗਦਾ ਉਦੋਂ ਤੱਕ ਐਕਸ਼ਨ ਨਹੀਂ ਕਰ ਸਕਦਾ। ਜੀਵ ਇਸ ਮਹੀਨੇ ਵਿੱਚ ਆਪਣੇ ਇਸ਼ਟ ਨੂੰ, ਆਪਣੇ ਸਤਿਗੁਰ

ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੁੱਲ ਕੇ, ਬਚਨਾਂ ਨੂੰ ਭੁੱਲ ਕੇ ਕਬਰਾਂ, ਸਮਾਧਾਂ, ਸਿਆਣਿਆਂ ਅਤੇ ਪੁੱਛਣਾ ਵਾਲਿਆਂ ਕੋਲ ਪਹੁੰਚ ਜਾਂਦਾ ਹੈ ਕਿ ਦੱਸੋ ਪੰਡਿਤ ਜੀ, ਬਾਊ ਜੀ, ਸਰਦਾਰ ਜੀ-ਬਹੁਤੇ ਭਾਟੜੇ ਸਰਦਾਰ ਬਣੇ ਹੁੰਦੇ ਹਨ ਉਹ ਪੁੱਛਣਾ ਦਿੰਦੇ ਹਨ ਟੇਵੇ ਦੱਸਦੇ ਹਨ। ਉਹ ਕਹਿੰਦੇ ਹਨ ਕਿ ਇੱਥੋਂ ਤੁਹਾਡੀ ਹੱਥ ਦੀ ਲਾਈਨ ਥੋੜ੍ਹੀ ਜਿਹੀ ਟੇਢੀ ਨਾ ਹੁੰਦੀ ਤਦ ਤੁਸੀਂ ਸਿੱਧੇ ਬਾਦਸ਼ਾਹ ਹੋਣਾ ਸੀ। ਫੇਰ ਉਹਨਾਂ ਤੋਂ ਪੁੱਛਿਆ ਜਾਂਦਾ ਹੈ ਕਿ ਲਾਈਨ ਸਿੱਧੀ ਕਿਵੇਂ ਹੋ ਸਕਦੀ ਹੈ? ਉਹ ਕਹਿੰਦੇ ਹਨ ਕਿ ਐਨਾ ਦਾਨ ਕਰ ਦਿਉ ਫੇਰ ਲਾਈਨ ਸਿੱਧੀ ਹੋ ਜਾਵੇਗੀ। ਪਰ ਸਾਧ ਸੰਗਤ ਜੀ! ਦਾਨ ਕੀਤੀਆਂ ਲਾਈਨਾਂ ਸਿੱਧੀਆਂ ਨਹੀਂ ਹੁੰਦੀਆਂ ਹਨ। ਐਸਾ ਉਦੋਂ ਵਾਪਰਦਾ ਹੈ ਜਦੋਂ ਅਸੀਂ ਭੁਲੇਖੇ, ਧੋਖੇ ਵਿੱਚ ਆ ਕੇ ਆਪਣੇ ਇਸ਼ਟ ਤੋਂ ਬੇਮੁੱਖ ਹੋ ਕੇ ਦੂਜੇ ਪਾਸੇ ਜਾਂਦੇ ਹਾਂ। ਫੇਰ ਕਾਲ ਭਾਦੋਂ ਦੇ ਮਹੀਨੇ ਵਿੱਚ ਐਕਸ਼ਨ ਕਰਦਾ ਹੈ।

**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**

ਫੇਰ ਤੁਸੀਂ ਚਾਹੇ ਜਿੰਨ੍ਹੇ ਮਰਜੀ ਯਤਨ ਕਰ ਲਉ, ਸੋਹਣੇ ਕੱਪੜੇ ਪਾ ਕੇ ਸ਼ਿੰਗਾਰ ਕਰ ਲਵੋ ਜਾਂ ਹੀਰੇ, ਜਵਾਹਰਾਤ ਪਾ ਲਉ ਜੋ ਵਿਘਨ ਪੈਂਦਾ ਹੈ ਉਹ ਠੀਕ ਨਹੀਂ ਹੁੰਦਾ। ਕਈਆਂ ਦੀ ਨਜਰ ਐਸੀ ਹੁੰਦੀ ਹੈ। ਸਾਡੇ ਪਿੰਡ ਦਾ ਇੱਕ ਜੀਵ ਮਿਹਰ ਸਿੰਘ ਚੁਬਾਰੇ ਵਾਲੇ ਹੁੰਦੇ ਸੀ। ਉਸ ਨੇ ਅਵਾਜਾਂ ਮਾਰਨੀਆਂ ਕਿ ਓ ਗੁਰਮੇਜ਼ੀ! ਓ ਸਵਰਨ ਕੌਰੇ! ਮੱਝਾਂ ਚੋਈਆਂ ਹਨ ਜਾਂ ਅਜੇ ਨਹੀਂ ਚੋਈਆਂ। ਉਹਨਾਂ ਨੇ ਪੁੱਛਣਾ ਕੀ ਗੱਲ ਹੈ? ਉਸ ਨੇ ਕਹਿਣਾ ਮੈਂ ਹਵੇਲੀ ਵੱਲ ਆਉਣਾ ਹੈ। ਉਹਨਾਂ ਨੇ ਕਹਿਣਾ ਆ ਜਾਉ। ਉਸ ਨੇ ਕਹਿਣਾ ਜੇ ਮੈਂ ਹਵੇਲੀ ਆ ਕੇ ਪਸਮੀ ਹੋਈ ਮੱਝ ਦੇਖ ਲਈ, ਫੇਰ ਮੱਝ ਮਿਲ ਪਈ ਤਦ ਮਿਹਰ ਸਿੰਘ ਦੀ ਨਜ਼ਰ ਕੀ ਹੋਈ। ਉਸ ਨੇ ਕਹਿਣਾ ਓ ਨਿਸ਼ਾਨ! ਕੱਪੜੇ ਪਾ ਲਏ ਹਨ ਕਾਲਜ ਜਾਣਾ ਹੈ, ਕਾਲਜ ਵੱਲ ਤੁਰਿਆਂ ਏਂ ਜਾਂ ਨਹੀਂ ਤੁਰਿਆਂ। ਉਸ ਨੇ ਕਹਿਣਾ ਕਿ ਅਗਰ ਮੈਂ ਆਪਣੇ ਪੁੱਤਰ ਨੂੰ ਸੋਹਣੇ ਕੱਪੜੇ ਪਾਏ ਦੇਖ ਲਵਾਂ ਫੇਰ ਉਸਦਾ ਰਸਤੇ ਵਿੱਚ ਐਕਸੀਡੈਂਟ ਨਾ ਹੋਇਆ ਤਦ ਮਿਹਰ ਸਿੰਘ ਦੀ ਨਜ਼ਰ ਕੀ ਹੋਈ। ਉਹ ਜਰੂਰ ਲੱਤ ਬਾਂਹ ਤੁੜਵਾ ਕੇ ਆਵੇਗਾ ਜਾਂ ਘੱਟ ਤੋਂ ਘੱਟ ਝਰੀਟਾਂ ਤਾਂ ਜਰੂਰ ਹੀ ਲੱਗਣਗੀਆਂ। ਸੋਈ ਕਈਆਂ ਦੀ ਨਜ਼ਰ ਬਹੁਤ ਮਾੜੀ ਹੁੰਦੀ ਹੈ। ਉਸਦਾ ਕਾਰਨ ਇਹ ਹੁੰਦਾ ਹੈ ਕਿ ਉਸ ਦਾ ਕਰਮ ਠੀਕ ਨਹੀਂ ਹੁੰਦਾ। ਉਸ ਦੀ ਨਜ਼ਰ ਦੀਆਂ ਕਿਰਨਾਂ ਵੀ ਮਾੜੀਆ ਹੁੰਦੀਆਂ ਹਨ। ਸਾਧੂ ਦੀ ਨਜ਼ਰ ਸਵੱਲੀ ਹੁੰਦੀ ਹੈ। ਜੋ ਜੀਵ ਸਾਧੂਪੁਣਾ ਨਹੀਂ ਕਰਦੇ ਉਹਨਾਂ ਦੀ ਨਜ਼ਰ ਉਲਟ ਹੁੰਦੀ ਹੈ। ਇਹ ਜੋ ਮੰਤਰ ਤੰਤਰ ਅਤੇ ਪੁੱਛਣਾ ਦੇਣ ਵਾਲੇ ਹੁੰਦੇ ਹਨ ਅਗਰ ਕਿਸੇ ਦਾ ਕੰਮ ਥੋੜ੍ਹਾ ਜਿਹਾ ਖਰਾਬ ਹੋਵੇ ਤਦ ਇਹ ਆਪ ਜਿਆਦਾ ਖਰਾਬ ਕਰ ਦਿੰਦੇ ਹਨ। ਕਈ ਡਾਕਟਰ ਮਰੀਜ ਨੂੰ ਬਹੁਤਾ ਬਿਮਾਰ ਕਰ ਲੈਂਦੇ ਹਨ ਕਿ ਜਦੋਂ ਤੱਕ ਇਹ ਬਹੁਤਾ ਬਿਮਾਰ ਨਾ ਹੋਇਆ ਇਸ ਨੇ ਖੁੱਲ ਕੇ ਪੈਸੇ ਨਹੀਂ ਕੱਢਣੇ। ਜਦੋਂ ਜੀਵ ਮਰਨ ਕਿਨਾਰੇ ਹੁੰਦਾ ਹੈ ਫੇਰ ਉਹ ਚਾਹੇ ਜਮੀਨ, ਟੂਮਾਂ, ਗਹਿਣੇ ਵੇਚੇ ਉਹ ਡਾਕਟਰ ਨੂੰ ਪੈਸੇ ਦੇਈ ਜਾਂਦਾ ਹੈ। ਡਾਕਟਰ ਮਰੀਜ ਨੂੰ ਪਹਿਲਾਂ ਬੀਮਾਰ ਕਰਕੇ ਫੇਰ ਠੀਕ ਕਰਦੇ ਹਨ। ਅੱਜ ਕੱਲ ਤਾਂ ਡਾਕਟਰਾਂ ਦੀ ਪੈਰਵਾਈ ਹੈ ਪਰ ਜਨਰਲ ਤੌਰ ਤੇ ਐਸੀਆਂ ਚੀਜਾਂ ਵਾਪਰਦੀਆਂ ਹਨ। ਜਦੋਂ ਅਸੀਂ ਭੁੱਲ ਕੇ ਦੂਜੇ ਪਾਸੇ ਜਾਂਦੇ ਹਾਂ ਫੇਰ ਚਾਹੇ ਕਿੰਨੇ ਵੀ ਯਤਨ ਕਰ ਲਈਏ ਕੰਮ ਠੀਕ ਨਹੀਂ ਹੁੰਦਾ।

**ਜਿਤੁ ਦਿਨਿ ਦੇਹ ਬਿਨਸਸੀ**
**ਤਿਤੁ ਵੇਲੈ ਕਹਿਸਨਿ ਪ੍ਰੇਤ ॥**

ਡਕੌਂਦੇ ਪਿੰਡ ਤੋਂ ਇੱਕ ਸਤਿਸੰਗੀ ਆਉਂਦੇ ਹੁੰਦੇ ਸੀ। ਉਹਨਾਂ ਦੇ ਪਰਿਵਾਰ ਦਾ ਇੱਕ ਮੈਂਬਰ ਬਹੁਤ ਮੰਤਰ ਤੰਤਰ ਕਰਦਾ ਹੁੰਦਾ ਸੀ। ਉਹ ਮੂੰਹ ਨਾਲ ਹੀ ਢੋਲਕੀਆਂ, ਛੈਣੇ, ਹਰਮੋਨੀਅਮ ਦੀਆਂ ਅਵਾਜਾਂ ਜਾਂ ਹੋਰ ਵੀ ਕਈ ਰਾਗ ਕੱਢ ਲੈਂਦਾ ਸੀ। ਅਖੀਰਲੇ ਸਮੇਂ ਜਦੋਂ ਉਸ ਦੀ ਮੌਤ ਹੋਈ ਤਦ ਉਸ ਦੇ ਸਰੀਰ ਵਿੱਚ ਕੀੜੇ ਪੈ ਗਏ। ਜਦੋਂ ਉਹ ਭੁੜਕਦਾ ਸੀ ਤਦ ਕੀੜੇ ਜਮੀਨ ਉੱਪਰ ਡਿੱਗਦੇ ਸੀ। ਉਹ ਕਹਿੰਦਾ ਹੁੰਦਾ ਸੀ ਕਿ ਮੈਂ ਲੋਕਾਂ ਲਈ ਬੜੇ ਗਲਤ ਕੰਮ ਕੀਤੇ, ਤੰਤਰ ਮੰਤਰ ਕੀਤੇ, ਲੋਕਾਂ ਨੂੰ ਦੁਖੀ ਕੀਤਾ ਹੈ ਹਜ਼ੂਰ ਹੁਣ ਕਿਸੇ ਤਰ੍ਹਾਂ ਮੇਰੀ ਮੌਤ ਆ ਜਾਵੇ। ਸੋਈ

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ। (ਅੰਗ 134)*

ਜੋ ਜੀਵ ਇੰਝ ਮੰਤਰ ਤੰਤਰ ਕਰਦੇ ਹਨ ਉਹਨਾਂ ਦੇ ਘਰ ਔਲਾਦ ਨਹੀਂ ਹੁੰਦੀ। ਉਹਨਾਂ ਦੇ ਘਰ ਬਿਪਤਾ ਹੀ ਹੁੰਦੀ ਹੈ ਕਿਉਂਕਿ

*ਮਤ ਸਤਾ ਗਰੀਬ ਕੋ ਗਰੀਬ ਰੋ ਦੇਗਾ।*
*ਉਸ ਕੇ ਮਾਲਿਕ ਕੋ ਪਤਾ ਚਲਾ ਤੋ ਵੋ ਜੜ੍ਹ ਸੇ ਖੋ ਦੇਗਾ।*

ਐਸੇ ਜੀਵ ਸੁਖ ਨਹੀਂ ਪਾਉਂਦੇ। ਸਾਨੂੰ ਉਸ ਪਾਸੇ ਤੁਰਨਾ ਨਹੀਂ ਚਾਹੀਦਾ ਕਿਉਂਕਿ ਉਹ ਮਾੜੀ ਨਜ਼ਰ ਪਾ ਕੇ ਨੁਕਸਾਨ ਕਰਦੇ ਹਨ। ਜੋ ਵੀ ਇੱਛਾਧਾਰੀ ਸੱਪ, ਨਾਗ, ਭੂਤ, ਪ੍ਰੇਤ ਬਾਰੇ ਕਿਹਾ ਜਾਂਦਾ ਹੈ ਉਹ ਸਭ ਦੁਨੀਆਂ ਵਿੱਚ ਹਨ। ਜਿਸ ਚੀਜ ਦਾ ਜ਼ਿਕਰ ਗੁਰਬਾਣੀ ਵਿੱਚ ਆਉਂਦਾ ਹੈ ਉਹ ਜਰੂਰ ਹਨ। ਜਿਹੜੇ ਜੀਵ ਇਹਨਾਂ ਚੀਜਾਂ ਨੂੰ ਕੀਲਦੇ ਜਾਂ ਵੱਸ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ ਉਹ ਮੰਤਰਾਂ ਤੰਤਰਾਂ ਨਾਲ ਵੱਸ ਵਿੱਚ ਕਰਦੇ ਹਨ। ਪਰ ਇੱਕ ਸ਼ਰਤ ਹੈ ਜਿਹਨਾਂ ਨੇ ਸਿਮਰਨ , ਪਾਠ, ਭਗਤੀ, ਬੰਦਗੀ ਕਰਕੇ ਕੋਈ ਚੀਜ ਪ੍ਰਾਪਤ ਕਰ ਲਈ ਹੈ ਅਗਰ ਉਹ ਉਸਦਾ ਸਹੀ ਪ੍ਰਯੋਗ ਕਰਦਾ ਹੈ ਤਦ ਬਚਿਆ ਰਹੇਗਾ। ਜੇਕਰ ਪੈਸੇ ਲੈਣ ਦੀ ਖਾਤਿਰ ਜਾਂ ਆਪਣੇ ਪਿੱਛੇ ਲਾਉਣ ਦੀ ਖਾਤਿਰ ਜਾਂ ਕਰਾਮਾਤ ਦਿਖਾ ਕੇ ਐਕਸ਼ਨ ਕਰਦਾ ਹੈ ਤਦ ਉਹ ਐਕਸ਼ਨ ਉਸਦੇ ਆਪਣੇ ਉੱਤੇ ਜਾਂ ਪਰਿਵਾਰ ਉੱਤੇ ਵਾਪਿਸ ਹੋ ਜਾਂਦਾ ਹੈ। ਜਿਸ ਸਾਧੂ ਉੱਪਰ ਬਖਸ਼ਿਸ਼ ਹੋਵੇਗੀ ਉਹ ਦੁਨੀਆਂ ਵਿੱਚ ਕਿਸੇ ਦਾ ਬੁਰਾ ਨਹੀਂ ਕਰ ਸਕਦਾ। ਉਸ ਦਾ ਚਾਹੇ ਕੋਈ ਦੁਸ਼ਮਣ ਵੀ ਹੋਵੇ ਜਾਂ ਉਸ ਨੂੰ ਕੋਈ ਗੋਲੀਆਂ ਮਾਰਨ ਤੱਕ ਜਾਣ ਵਾਲਾ ਵੀ ਹੋਵੇ ਪਰ ਉਹ ਬੁਰਾ ਨਹੀਂ ਕਰਨਗੇ ਕਿਉਂਕਿ ਉਹ ਗੁਰਬਾਣੀ ਦੇ ਅਸੂਲ ਤੋਂ ਬਾਹਰ ਨਹੀਂ ਜਾਂਦੇ ਹਨ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੧੮॥*

*(ਅੰਗ 1381-82)*

ਸਾਡੇ ਕੋਲ ਬਹੁਤ ਸਾਰੇ ਸਾਧੂ ਮਹਾਤਮਾਵਾਂ ਦੀਆਂ ਮਿਸਾਲਾਂ ਹਨ ਜੋ ਕਿਸੇ ਐਸੀ ਜਗ੍ਹਾ ਗਏ ਜਿਸ ਬਾਰੇ ਲੋਕਾਂ ਨੇ ਬੇਨਤੀ ਕੀਤੀ ਕਿ ਸਾਡੇ ਘਰ ਇੱਛਾਧਾਰੀ ਨਾਗ ਹੈ, ਸਾਡੇ ਫਕੀਰ ਦਾ ਪਹਿਰਾ ਹੈ, ਯਕਸ਼ ਦਾ ਪਹਿਰਾ ਹੈ ਉਹ ਸਾਡਾ ਠੀਕ ਕਰ ਦਿਉ। ਜਦੋਂ ਉਹ ਐਸੀ ਜਗ੍ਹਾ ਜਾਂਦੇ ਹਨ ਪਹਿਲਾਂ ਆਪਣੇ ਘਰ ਦੇ ਦੁਆਲੇ ਕਿੱਲ ਗੱਡ ਕੇ ਜਾਂਦੇ ਹਨ ਜਾਂ ਲਾਈਨਾਂ ਮਾਰ-ਮਾਰ ਕੇ ਜਾਂਦੇ ਹਨ। ਅਗਰ ਉੱਥੇ ਜਾ ਕੇ ਉਹ ਚੀਜ ਜਿਆਦਾ ਐਕਸ਼ਨ ਕਰ ਜਾਵੇ ਤਾਂ ਉਹ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਪਰ ਉਹ ਚੀਜ ਉਹਨਾਂ ਨੂੰ ਭੱਜਣ ਨਹੀਂ ਦਿੰਦੀ। ਅਸੀਂ ਆਪਣੀ ਜਿੰਦਗੀ ਵਿੱਚ ਦੇਖਿਆ ਹੈ ਕਿ ਬਹੁਤ ਸਾਰੇ ਪ੍ਰਾਣੀ ਜੋ ਆਪਣੇ ਆਪ ਨੂੰ ਸਾਧੂ ਅਖਵਾਉਂਦੇ ਸੀ ਉਹਨਾਂ ਦੀਆਂ ਐਕਸ਼ਨ ਹੋਣ ਕਰਕੇ ਮੌਤਾਂ ਹੋਇਆਂ ਕਿਉਂਕਿ ਉਹਨਾਂ ਨੇ ਆਪਣੇ ਵਿਧਾਨ ਦਾ, ਮੰਤਰ ਦਾ, ਤੰਤਰ ਦਾ ਦੁਰਉਪਯੋਗ ਕੀਤਾ ਸੀ। ਅਗਰ ਕੋਈ ਸਾਧੂ ਭਲੇ ਲਈ ਕੰਮ ਕਰੇਗਾ ਫੇਰ ਉਸ ਉੱਪਰ ਜਾਂ ਉਸਦੇ ਪਰਿਵਾਰ ਉੱਪਰ ਕੋਈ ਐਕਸ਼ਨ ਨਹੀਂ ਹੋ ਸਕਦਾ। ਜਦੋਂ ਕੋਈ ਪੈਸੇ ਲਈ ਜਾਂ ਕਿਸੇ ਹੋਰ ਚੀਜ ਲਈ ਐਸਾ ਕੰਮ ਕਰਦਾ ਹੈ ਤਦ

*ਲੈ ਕੇ ਵਢੀ ਦੇਨਿ ਉਗਾਹੀ*

*ਦੁਰਮਤਿ ਕਾ ਗਲਿ ਫਾਹਾ ਹੇ ॥੩॥ (ਅੰਗ 1032)*

ਅਗਰ ਕੋਈ ਪੈਸੇ ਲੈ ਕੇ ਕਿਸੇ ਲਈ ਕੁਝ ਕਰਦਾ ਹੈ ਤਦ ਉਸ ਦੇ ਗੱਲ ਵਿੱਚ ਜਮ ਦਾ ਫਾਹਾ ਪੈ ਜਾਂਦਾ ਹੈ। ਸੋਈ ਸਾਧੂ ਮਤਾ ਇੱਕ ਐਸਾ ਹੈ ਜੋ ਕਿਸੇ ਦਾ ਬੁਰਾ ਨਾ ਸੋਚੇ ਫੇਰ ਉਸ ਨੂੰ ਕੋਈ ਆਂਚ ਨਹੀਂ ਆ ਸਕਦੀ। ਵਰਨਾ ਇਸ ਮਹੀਨੇ ਵਿੱਚ ਭਰਮ ਪੈਂਦੇ ਹਨ। ਇਨਸਾਨ ਭਰਮਾਂ ਵਿੱਚ ਪੈ ਕੇ ਆਪਣੇ ਇਸ਼ਟ ਤੋਂ ਬੇਮੁੱਖ ਹੁੰਦਾ ਹੈ। ਮੰਤਰ ਤੰਤਰ ਕਰਵਾਉਂਦਾ ਹੈ। ਬੜੇ ਯਤਨ ਕਰਦਾ ਹੈ ਪਰ ਗੱਲ ਨਹੀਂ ਬਣਦੀ।

**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**

ਜੇਕਰ ਉਹ ਪੈਸੇ ਲੈ ਕੇ ਜਾਂ ਕਿਸੇ ਵਡਿਆਈ ਦੀ ਖਾਤਿਰ ਤੰਤਰ ਮੰਤਰ ਕਰਦਾ ਹੈ ਤਦ ਜਮ ਉਸ ਨੂੰ ਫੜ ਕੇ ਰਗੜਾ ਦਿੰਦੇ ਹਨ ਅਤੇ ਫੇਰ ਉਸ ਨੂੰ ਛੁਡਾਉਣ ਵਾਲਾ ਕੋਈ ਨਹੀਂ ਹੁੰਦਾ। ਫੇਰ ਉਸ ਨੂੰ ਕੋਈ ਬਚਾ ਨਹੀਂ ਸਕਦਾ। ਸੋਈ ਤੁਸੀਂ ਭੁਲ ਕੇ ਵੀ ਕਿਸੇ ਲਈ ਬੁਰਾ ਨਾ ਸੋਚਿਉ। ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ! ਇਸ ਨੂੰ ਸੋਝੀ ਬਖਸ਼ੋ। ਅਗਰ ਤੁਸੀਂ ਸਿਮਰਨ ਕਰੋਗੇ ਅਤੇ ਕੋਈ ਜੀਵ ਤੁਹਾਡੇ ਖਿਲਾਫ ਐਕਸ਼ਨ ਕਰੇਗਾ ਤਦ ਉਸ ਦਾ ਕੀਤਾ ਹੋਇਆ ਐਕਸ਼ਨ ਉਸੇ ਉੱਪਰ ਵਾਪਿਸ ਹੋ ਜਾਵੇਗਾ ਅਤੇ ਤੁਹਾਨੂੰ ਕੁਛ ਕਰਨ ਦੀ ਲੋੜ ਨਹੀਂ ਪਵੇਗੀ।

**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥**

ਜੋ ਇਨਸਾਨ ਪਰਿਵਾਰ, ਦੋਸਤਾਂ, ਮਿੱਤਰਾਂ, ਪੋਤਰਿਆਂ, ਦੋਹਤਰਿਆਂ ਲਈ ਗਲਤ ਕੰਮ ਕਰਦਾ ਹੈ ਉਸ ਦਾ ਉਸ ਨੂੰ ਲੇਖਾ ਦੇਣਾ ਪੈਣਾ ਹੈ। ਫੇਰ ਉਸ ਸਮੇਂ ਪਰਿਵਾਰ ਨੇ ਸਾਥ ਛੱਡ ਦੇਣਾ ਹੈ ਕਿ ਤੂੰ ਜੋ ਵੀ ਕੀਤਾ ਹੈ ਆਪਣੀ ਮਰਜੀ ਨਾਲ ਕਰਮ ਬਣਾ ਲਿਆ ਹੈ। ਅਸੀਂ ਤੈਨੂੰ ਅਜਿਹਾ ਕਰਨ ਲਈ ਨਹੀਂ ਕਿਹਾ ਸੀ। ਫੇਰ ਉਸ ਜੀਵ ਦੇ ਕਰਮ ਦੀ ਉਹ ਕੋਈ ਜ਼ਿੰਮੇਦਾਰੀ ਨਹੀਂ ਲੈਂਦੇ। ਉਹ ਉਸੇ ਵਕਤ ਕਹਿ ਦਿੰਦੇ ਹਨ ਕਿ ਇਹ ਸਾਡਾ ਕੁਝ ਨਹੀਂ ਲੱਗਦਾ। ਹੁਣ ਜੋ ਪਾਰਟੀਆਂ ਹਨ ਕਾਂਗਰਸ, ਬੀ.ਜੇ.ਪੀ, ਅਕਾਲੀ ਜਾਂ ਕਾਮਰੇਡ ਹਨ ਜਦੋਂ ਉਹਨਾਂ ਦੇ ਬੰਦੇ ਲੀਡਰ ਹੋ ਕੇ ਗਲਤੀ ਕਰਦੇ ਹਨ ਤਾਂ ਪਾਰਟੀਆਂ ਸਾਫ਼ ਜੁਆਬ ਦੇ ਦਿੰਦੀਆਂ ਹਨ ਕਿ ਇਸ ਦੀ ਆਪਣੀ ਗਲਤੀ ਹੈ ਸਾਡੀ ਪਾਰਟੀ ਦਾ ਇਸ ਨਾਲ ਕੋਈ ਵਾਸਤਾ ਨਹੀਂ ਹੈ। ਇਸ ਨੇ ਗਲਤੀ ਕੀਤੀ ਹੈ ਇਹੋ ਹੀ ਭੋਗੇਗਾ। ਅਜਿਹੀਆਂ ਖਬਰਾਂ ਅਸੀਂ ਹਰ ਰੋਜ਼ ਅਖਬਾਰਾਂ ਵਿੱਚ ਪੜ੍ਹਦੇ ਹਾਂ। ਇਸੇ ਤਰ੍ਹਾਂ ਪਰਿਵਾਰ ਕਹਿ ਦਿੰਦਾ ਹੈ ਕਿ ਇਸ ਨੇ ਲਾਲਚ ਵਿਚ ਆ ਕੇ ਜਾਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਸ ਆ ਕੇ ਐਸਾ ਕੀਤਾ ਹੋਵੇਗਾ। ਇਸ ਦੀਆਂ ਇਹੋ ਜਾਣੇ, ਅਸੀਂ ਕਿਉਂ ਵਿੱਚ ਭਾਗੀਦਾਰ ਬਣੀਏਂ?

ਕਿਸੇ ਸਾਧੂ ਨੇ ਆਪਣੇ ਸੇਵਕ ਨੂੰ ਕਿਹਾ ਕਿ ਜਿਸ ਪਰਿਵਾਰ ਵਾਸਤੇ ਨੂੰ ਕਰਮ ਕਰ ਰਿਹਾ ਏਂ ਅਖੀਰਲੇ ਸਮੇਂ ਉਹਨਾਂ ਨੇ ਤੇਰਾ ਸਾਥ ਨਹੀਂ ਦੇਣਾ। ਸਾਰੇ ਕਰਮਾਂ ਦਾ ਫਲ ਤੈਨੂੰ ਆਪ ਹੀ ਭੋਗਣਾ ਪੈਣਾ ਹੈ। ਉਹ ਕਹਿਣ ਲੱਗਾ ਨਹੀਂ ਜੀ! ਮੇਰਾ ਪਰਿਵਾਰ ਤਾਂ ਕਹਿੰਦਾ ਹੈ ਕਿ ਉਹ ਮੇਰੇ ਤੋਂ ਬਗੈਰ ਬਚ ਨਹੀਂ ਸਕਦੇ। ਸਾਧੂ ਨੇ ਉਸ ਨੂੰ ਬਹਿਰੂਪੀਆ ਬਣਾ ਕੇ ਉਸਦੇ ਘਰ ਭੇਜ ਦਿੱਤਾ। ਉਹ ਜਾ ਕੇ ਕਹਿਣ ਲੱਗਾ ਫਲਾਣਾ ਸਿੰਘ ਘਰ ਹੈ? ਪਰਿਵਾਰ ਨੇ ਕਿਹਾ ਉਹ ਘਰ ਨਹੀਂ ਹੈ। ਉਹ ਕਹਿਣ ਲੱਗਾ ਅਸੀਂ ਉਸ ਨੂੰ ਲੈਣ ਆਏ ਹਾਂ, ਉਸ ਦਾ ਸਮਾਂ ਪੂਰਾ ਹੋ ਗਿਆ ਹੈ ਉਸ ਨੂੰ ਧਰਮਰਾਜ ਨੇ ਬੁਲਾ ਲਿਆ ਹੈ। ਪਰਿਵਾਰ ਵਾਲੇ ਕਹਿਣ ਲੱਗੇ ਨਹੀਂ ਜੀ ਸਾਡੇ ਭਾਪੇ ਨੂੰ ਰਹਿਣ ਦਿਉ। ਉਸੇ ਨਾਲ ਹੀ ਸਾਡੀ ਜੈ-ਜੈ ਕਾਰ ਹੈ। ਫੇਰ ਉਹ ਆਪਣੀ ਘਰਵਾਲੀ ਨੂੰ ਕਹਿਣ ਲੱਗਾ ਕਿ ਅਗਰ ਉਸ ਨੂੰ ਨਹੀਂ ਭੇਜਣਾ ਤਦ ਉਸ ਦੀ ਜਗ੍ਹਾਂ ਤੂੰ ਚਲ ਸਕਦੀ ਏਂ? ਉਸ ਦੀ ਘਰਵਾਲੀ ਕਹਿਣ ਲੱਗੀ ਮੈਂ ਉਸ ਦੀ ਜਗ੍ਹਾ ਕਿਉਂ ਜਾਵਾਂ। ਜੋ ਉਸ ਨੇ ਕੀਤਾ ਹੈ ਉਹ ਖੁਦ ਭੋਗੇਗਾ, ਮੈਂ ਕਿਉਂ ਜਾਵਾਂ। ਬਾਕੀ ਮੁੰਡਿਆਂ, ਕੁੜੀਆਂ ਅਤੇ ਨੂੰਹਾਂ ਨੂੰ ਵੀ ਪੁੱਛਿਆ ਪਰ ਕੋਈ ਨਹੀਂ ਮੰਨਿਆ। ਅਖੀਰ 'ਤੇ ਉਹ ਕਹਿਣ ਲੱਗਾ ਤੁਹਾਡਾ ਬਾਪ ਤੁਹਾਡੇ ਲਈ ਕਮਾ ਕੇ ਲਿਆ ਕੇ ਖੁਆਉਂਦਾ ਰਿਹਾ ਹੈ। ਇਸ ਕਰਕੇ ਤੁਸੀਂ ਸਾਰੇ ਉਸ ਨੂੰ ਆਪਣੀ ਉਮਰ ਵਿੱਚੋਂ ਮਹੀਨਾ-ਮਹੀਨਾ ਜਾਂ ਸਾਲ-ਸਾਲ ਉਮਰ ਦੇ ਦਿਉ। ਪਰ ਉਹ ਕਹਿਣ ਲੱਗੇ ਅਸੀਂ ਐਵੇਂ ਸਾਲ ਪਹਿਲਾਂ ਮਰ ਜਾਈਏ? ਜਿਸ ਨੇ ਜਾਣਾ ਹੈ ਉਹ ਕਦੇ ਰੁਕਿਆ ਹੈ? ਤੁਸੀਂ ਉਸ ਨੂੰ ਹੀ ਲੈ ਜਾਉ। ਉਸੇ ਵਕਤ ਉਹ ਸਾਧੂ ਵੀ ਉੱਥੇ ਪਹੁੰਚ ਗਏ ਅਤੇ ਉਸ ਨੂੰ ਬਾਹੋਂ ਫੜ ਕੇ ਕਹਿਣ ਲੱਗੇ ਕਿਉਂ ਭਲਿਆ ਲੋਕਾ! ਇਹੋ ਹੀ ਹਨ ਜੋ ਕਹਿੰਦੇ ਸਨ ਕਿ ਅਸੀਂ ਤੇਰੇ ਬਗੈਰ ਬਚਦੇ ਨਹੀਂ ਹਾਂ। ਤਦੇ ਹਜ਼ੂਰ ਨੇ ਫ਼ੁਰਮਾਨ ਕੀਤਾ ਹੈ ਕਿ

*ਪ੍ਰੀਤਮ ਜਾਨਿ ਲੇਹੁ ਮਨ ਮਾਹੀ।*
*ਅਪਨੇ ਸੁਖ ਸਿਉ ਹੀ ਜਗੁ ਫਾਂਧਿਓ*
*ਕੋ ਕਾਹੂ ਕੋ ਨਾਹੀ ॥੧॥ ਰਹਾਉ ॥*

Monthly GURBANI UPMA Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ*
*ਰਹਤ ਚਹੂ ਦਿਸਿ ਘੇਰੈ ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵੈ ਨੇਰੈ ॥੧॥ (ਅੰਗ 634)*

ਜਦੋਂ ਕਾਲ ਦੇ ਪਿਆਦੇ ਆਉਂਦੇ ਹਨ ਉਦੋਂ ਸਾਰੇ ਹੀ ਸਾਥ ਛੱਡ ਦਿੰਦੇ ਹਨ।

**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**

ਜਦੋਂ ਜੀਵ ਦੀ ਮੌਤ ਹੁੰਦੀ ਹੈ ਉਦੋਂ ਕਹਿੰਦੇ ਹਨ ਕਿ ਘੋਰੜੂ ਵੱਜਦਾ ਹੈ ਅਤੇ ਹਜ਼ਾਰ ਬਿੱਛੂ ਦੇ ਡੰਗ ਜਿੰਨੀ ਦਰਦ ਹੁੰਦੀ ਹੈ। ਜੀਵ ਦੇ ਹੱਥ ਮਰੋੜੇ ਜਾਂਦੇ ਹਨ। ਕਾਲਾ ਸਿਆਹ ਰੰਗ ਹੋ ਜਾਂਦਾ ਹੈ। ਜਿਹੜੇ ਜੀਵਾਂ ਨੂੰ ਹਾਰਟ ਅਟੈਕ ਹੋ ਜਾਂਦਾ ਹੈ ਉਹ ਬਹੁਤ ਖੁਸ਼ ਕਿਸਮਤ ਹੁੰਦੇ ਹਨ ਕਿਉਂਕਿ

*ਕਿਆ ਜਾਣਾ ਕਿਵ ਮਰਹਗੇ*
*ਕੈਸਾ ਮਰਣਾ ਹੋਇ।*
*ਜੇ ਕਰਿ ਸਾਹਿਬੁ ਮਨਹੁ ਨ ਵੀਸਰੈ*
*ਤਾ ਸਹਿਲਾ ਮਰਣਾ ਹੋਇ ॥ (ਅੰਗ 555)*

ਇੱਕ ਸੰਕਿਟ ਵਿੱਚ ਉਹ ਅਗਾਹ ਜਾਂਦੇ ਹਨ। ਨਾ ਕੋਈ ਰੇੜਕਾ, ਨਾ ਰੋਣਾ ਨਾ ਪਿੱਟਣਾ ਕਿ ਹਾਏ ਮੈਂ ਮਰਾਂ ਨਾ। ਵਰਨਾਂ ਜੀਵ ਮੰਜੇ ਉੱਪਰ ਪਿਆ ਹੀ ਚੀਕਾਂ ਮਾਰੀ ਜਾਂਦਾ ਹੈ ਕਿ ਓਇ ਲੋਕੋ! ਮੇਰੀ ਅਰਦਾਸ ਕਰੋ ਕਿ ਮੈਂ ਮਰ ਜਾਵਾਂ। ਜਿਹੜੇ ਗੁਰੂ ਪਿਆਰੇ ਹੁੰਦੇ ਹਨ ਉਹ ਵਧੀਆ ਮੌਤ ਮਰਦੇ ਹਨ। ਪਰ ਜੋ ਗਲਤ ਕਰਮ ਕਰਦੇ ਹਨ ਕਾਲ ਉਹਨਾਂ ਨੂੰ ਅਖੀਰਲੇ ਸਮੇਂ ਬਹੁਤ ਰਗੜਾ ਦਿੰਦਾ ਹੈ।

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।**

ਅਸੀਂ ਜਿਸ ਤਰ੍ਹਾਂ ਦੀ ਫਸਲ ਬੀਜਦੇ ਹਾਂ ਉਸੇ ਤਰ੍ਹਾਂ ਦੀ ਕੱਟਦੇ ਹਾਂ।

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥*
(ਅੰਗ 1379)

ਅਗਰ ਅਸੀਂ ਕਿੱਕਰਾਂ ਬੀਜਾਂਗੇ ਤਦ ਕਿੱਕਰਾਂ ਦੀਆਂ ਸੂਲਾ ਬਰਦਾਸਤ ਕਰਨੀਆ ਪੈਣੀਆ ਹਨ ਦਾਖਾਂ ਨਹੀਂ ਮਿਲਣੀਆਂ ਜਿਸ ਤਰ੍ਹਾਂ ਦਾ ਅਸੀਂ ਕਰਮ ਕਰਾਂਗੇ ਉਸੇ ਤਰ੍ਹਾਂ ਦਾ ਫਲ ਭੋਗਾਂਗੇ।

**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**

ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ ਅਸੀਂ ਤੁਹਾਡੀ ਸ਼ਰਨ ਵਿੱਚ ਆਏ ਹਾਂ। ਤੁਸੀਂ ਸਾਡਾ ਪਾਰ ਉਤਾਰਾ ਕਰਨ ਵਾਸਤੇ ਆਪਣੇ ਚਰਨਾਂ ਦਾ ਬੇੜਾ ਬਣਾਉ ਤਾਂ ਕਿ ਅਸੀਂ ਖੱਬੇ ਸੱਜੇ ਨਾ ਭਟਕੀਏ ਅਤੇ ਗੁਰਬਾਣੀ ਦੀ ਸ਼ਰਨ ਵਿੱਚ ਰਹਿ ਕੇ ਤੁਹਾਡੇ ਚਰਨਾਂ ਦਾ ਆਸਰਾ ਮੰਗ ਕੇ ਨਾਮ ਦੇ ਬੇੜੇ ਵਿੱਚ ਬੈਠ ਕੇ ਪਾਰ ਉਤਾਰਾ ਕਰੀਏ।

**ਸੇ ਭਾਦੁਇ ਨਰਕਿ ਨ ਪਾਈਅਹਿ**
**ਗੁਰੁ ਰਖਣ ਵਾਲਾ ਹੇਤੁ ॥**

ਸਤਿਗੁਰ ਤੁਹਾਡੇ ਹਿਤੈਸ਼ੀ ਅਤੇ ਹਮਦਰਦੀ ਹਨ। ਜੋ ਪ੍ਰਾਣੀ ਸੰਤਾਂ ਦੀ, ਗੁਰਬਾਣੀ ਦੀ ਸੰਗਤ ਵਿੱਚ ਰਹਿੰਦੇ ਹਨ ਮਾਲਿਕ ਉਹਨਾਂ ਦੀ ਰੱਖਿਆ ਕਰਦੇ ਹਨ। ਉਹ ਕਦੇ ਵੀ ਨਰਕਾਂ ਵਿੱਚ ਨਹੀਂ ਜਾ ਸਕਦੇ। ਇਸ ਤੋਂ ਵਧੀਆ ਮਹੀਨਾ ਹੋਰ ਕਿਹੜਾ ਹੋ ਸਕਦਾ ਹੈ। ਅਗਰ ਜੀਵ ਗੁਰਬਾਣੀ ਦੀ ਸ਼ਰਨ ਰੱਖਦਾ ਹੈ ਫੇਰ ਐਸੀ ਤੈਸੀ ਕਾਲ ਦੀ ਜੇਕਰ ਉਹ ਉਸ ਜੀਵ ਨੂੰ ਨਰਕਾਂ ਵਿੱਚ ਭੇਜੇ।

ਸੋਈ ਭਾਦੋ ਦਾ ਮਹੀਨਾ ਸੋਮਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜਿਹੜੀ ਸੰਗਤ ਵਿਦੇਸ਼ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਉਹਨਾਂ ਦੀਆਂ ਵੀ ਹਾਜ਼ਰੀਆਂ ਕਬੂਲ ਕਰਕੇ ਖੁਸ਼ੀਆਂ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglhosp.org

ਐਡੀਟਰ : ਮਹਿੰਦਰ ਸਿੰਘ ਪਰਵਾਨਾ | ਜਿਲਦ-23 ਅੰਕ 6 | ਅਗਸਤ : 2010 | ਕੀਮਤ : 6 ਰੁਪੈ